23-April-Sunday.qxd 4/22/2023 9:01 PM Page 1

ਬੋਲਣ ਦੀ ਆਜ਼ਾਦੀ ਤੇ ਅਸਫ਼ਲ ਹੋ ਰਿਹਾ ਲੋਕਤੰਤਰ
ਆਖਰੀ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 23 ਅਪ੍ਰੈਲ 2023

www.nawanzamana.in

ਕੀਮਤ 5.00 ਰੁਪਏ

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ
ਸਿਰ ਦੇ ਦੋਵਾਂ ਦੇ ਉਤੇ ਆਫ਼ਾਤ ਆਈ
ਸ਼ਾਹ ਮੁਹੰਮਦਾ ਵਿੱਚ ਪੰਜਾਬ ਦੇ ਜੀ
ਕਦੇ ਨਹੀਂ ਸੀ ਤੀਸਰੀ ਜ਼ਾਤ ਆਈ।

- ਸ਼ਾਹ ਮੁਹੰਮਦ

ਫਾਸ਼ੀਵਾਦ ਅਤੇ ਫਾਸ਼ੀਵਾਦ ਵਿਰੋਧੀ ਮੋਰਚਾ-5

ਅਜੋਕੇ ਸਰੋਕਾਰ

ਕਾਮਰੇਡ ਜਗਰੂਪ

(ਲੜੀ-7)

ਜਾਰਜੀ ਦਮਿਤਰੋਵ ਰਿਪੋਰਟ, ਫਾਸ਼ਿਜ਼ਮ ਵਿਰੁੱਧ ਸਾਂਝੇ ਮੋਰਚੇ ਨੂੰ ਸੇਧ ਦਿੰਦਾ ਹੈ:

"ਸਾਨੂੰ ਪਹਿਲਾਂ ਇਸ ਦੇ ਸਭ ਤੋਂ ਵੱਧ ਨਾਜ਼ੁਕ ਨੁਕਤੇ ਨੂੰ ਲੱਭਣਾ ਚਾਹੀਦਾ ਹੈ। ਫਾਸ਼ਿਸਟ ਡਿਕਟੇਟਰਸ਼ਿਪ ਦੀ ਨਾਜ਼ੁਕ ਨਸ ਕਿਹੜੀ ਹੈ?" "ਇਸ ਦਾ ਸਮਾਜਿਕ ਅਧਾਰ ਕੀ ਹੈ?"

"ਸਾਨੂੰ ਇਹ ਮਹਿਸੂਸ ਕਰਨਾ ਚਾਹੀਦਾ ਹੈ ਕਿ ਫਾਸ਼ਿਸਟ ਡਿਕਟੇਟਰਸ਼ਿਪ ਦੇ ਦੇਸ਼ਾਂ ਵਿਚ ਸਾਡੇ ਸਾਰੇ ਦਾਅਪੇਚ ਇਕ ਅਜਿਹੇ ਖਾਸੇ ਦੇ ਹੋਣੇ ਚਾਹੀਦੇ ਹਨ, ਜਿਹੜੇ ਫਾਸ਼ਿਜ਼ਮ ਦੇ ਸਮੱਰਥਕਾਂ ਦੀਆਂ ਆਮ ਸਫਾਂ ਨੂੰ ਸਾਡੇ ਕੋਲੋਂ ਪਰੇ ਨਾ ਧੱਕਣ, ਉਨ੍ਹਾਂ ਨੂੰ ਮੁੜ ਇਕ ਵਾਰ ਫਾਸ਼ਿਜ਼ਮ ਦੀ ਬੁੱਕਲ ਵਿੱਚ ਨਾ ਸੁੱਟ ਦੇਣ, ਪ੍ਰੰਤੂ ਮਿਹਨਤਕਸ਼ ਭਾਗ ਤੋਂ ਆਏ ਫਾਸ਼ਿਜ਼ਮ ਦੇ ਭਰਮ ਮੁਕਤ ਹੋਏ ਅਨੁਆਈਆਂ ਦੀਆਂ ਆਮ ਸਫਾਂ ਵਿਚਲੇ ਜਨ-ਸਮੂਹਾਂ ਅਤੇ ਫਾਸ਼ਿਸਟ ਆਗੂਆਂ ਵਿਚਕਾਰ ਖਾਈ ਨੂੰ ਡੂੰਘਾ ਕਰਨ।"

ਆਓ ਵਿਚਾਰ ਕਰੀਏ, ਇਸ ਸੇਧ ਬਾਰੇ ਸਾਡੇ ਹਾਲਤ ਕੀ ਹਨ? ਨਾਜ਼ੁਕ ਨਸ ਕਿਹੜੀ ਹੈ?

(ਭਾਵੇਂ ਇਸ 'ਤੇ ਬਹਿਸ ਹੋ ਕੇ ਨਿਰਣਾ ਕਰਨ ਦੀ ਗੁੰਜਾਇਸ਼ ਵੀ ਬਣੀ ਰਹੇਗੀ।) ਪਰ,

ਭਾਜਪਾ ਸੱਤਾ ਚੰਦ ਘਰਾਣਿਆਂ ਦੀ ਸੇਵਾ ਵਿਚ ਸਰਗਰਮ ਹੈ। ਸਾਰਾ ਆਰਥਿਕ ਪ੍ਰਬੰਧ ਉਨ੍ਹਾਂ ਦੇ ਸਪੁਰਦ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਇਸ ਦਿਸ਼ਾ ਵਿਚ ਹਰ ਦਿਨ ਤੇਜ਼ੀ ਵਾਪਰ ਰਹੀ ਹੈ।

ਇਸ ਨਾਲ ਆਰਥਿਕ ਹਿੱਤ ਟਕਰਾਅ ਦੀ ਪ੍ਰਵਿਰਤੀ ਵਾਲੇ ਹਨ। ਇਕ ਫੀਸਦੀ ਅਮੀਰਾਂ ਦਾ ਹੀ ਸਭ ਕਾਰੋਬਾਰ ਉਤੇ ਕੰਟਰੋਲ ਹੋ ਜਾਵੇ, ਇਹ ਕਰੋੜਾਂ, ਉਹਨਾਂ ਤੋਂ ਛੋਟੇ ਕਾਰੋਬਾਰੀਆਂ ਨੂੰ ਵਾਰਾ ਖਾਂਦਾ ਨਹੀਂ ਹੈ।

ਖੇਤੀ ਉਪਰ ਕਾਰਪੋਰੇਟ-ਇਜਾਰੇਦਾਰੀ-ਨੀਤੀ, ਵਿਸ਼ਾਲ ਕਿਸਾਨੀ ਨੂੰ ਪ੍ਰਵਾਨ ਨਹੀਂ ਹੈ।

ਅਨਾਜ ਦੇ ਵਪਾਰ ਦੀ ਇਜਾਰੇਦਾਰੀ, ਸਮਾਜ ਵਿਚ ਖਾਣ-ਪੀਣ ਅਤੇ ਪਹਿਨਣ ਦੀਆਂ ਜਿਣਸਾਂ ਦੀਆਂ ਕੀਮਤਾਂ ਨੂੰ, ਸੁਪਰ ਮੁਨਾਫੇ ਲਈ ਕਾਰਪੋਰੇਟ ਪੱਖੀ ਹੁਲਾਰਾ ਦੇਵੇਗੀ, ਜਿਸ ਦਾ ਸਮੂਹ ਜਨਤਾ ਨਾਲ ਵਿਰੋਧ ਬਣ ਜਾਣਾ ਅਟਲ ਹੈ।

ਇਸ (ਫਾਸ਼ੀਵਾਦ) ਦੀ ਨਾਜ਼ੁਕ ਨਸ ਸਮੁੱਚੀ ਆਰਥਿਕਤਾ ਨੂੰ ਚੰਦ ਹੱਥਾਂ ਵਿਚ ਕੇਂਦਰਤ ਕਰਨ ਦੀ ਨੀਤੀ ਹੈ।

"ਵਿਗਿਆਨਕ ਤਕਨੀਕੀ ਕ੍ਰਾਂਤੀ" (STR), "ਸੂਚਨਾ ਸੰਚਾਰ ਕ੍ਰਾਂਤੀ" (ICR) ਅਤੇ "ਨਕਲੀ-ਬੌਧਿਕਤਾ" (19) ਵਰਤਾਰੇ ਦਾ ਨਤੀਜਾ ; "ਕਿਰਤ-ਉਤਪਾਦਕਤਾ-ਕ੍ਰਾਂਤੀ" ਹੈ।

ਜਿਸ ਕਾਰਨ ਬੁਰਜੂਆ ਪ੍ਰਬੰਧ, ਜਿੱਥੇ ਨਵੀਂ ਪੀੜ੍ਹੀ (ਸਿੱਖਿਅਤ ਨੌਜਵਾਨੀ) ਨੂੰ ਕਿਰਤੀ ਸਮੂਹ ਵਿਚ ਸ਼ਾਮਲ ਕਰਨੋਂ ਇਨਕਾਰੀ (ਅਸਮੱਰਥ) ਹੈ, ਉਥੇ ਪਹਿਲੇ ਕਿਰਤੀਆਂ ਨੂੰ ਕੰਮ ਤੋਂ ਬਾਹਰ ਕੱਢਣ ਦੀ ਕਾਨੂੰਨੀ ਅਵਸਥਾ ਬਣਾ ਕੇ, ਖਾਲੀ ਹੱਥ ਬੇਰੁਜ਼ਗਾਰ ਕੀਤਾ ਜਾਣਾ ਵੀ, ਉਸ ਦੀ (ਲੋੜ ਪੂਰਤੀ) ਨੀਤੀ ਹੈ।

"ਵਿੱਦਿਆ ਅਤੇ ਸਿਹਤ" ਜੋ ਬੀਤੇ ਵਿਚ ਵਿਕਾਸ ਕਰਦੀ ਬੁਰਜਵਾਜੀ ਸਮੇਂ, (ਜ਼ਿੰਦਾ) ਕਿਰਤੀ ਉਸ ਦੀ ਸਮਾਜਿਕ ਲੋੜ ਸੀ, ਹੁਣ ਕੰਮ ਤੋਂ ਬਾਹਰ ਕਰਨਾ ਉਸ ਦੀ ਲੋੜ ਬਣ ਗਿਆ ਹੈ।

ਹੁਣ ਵੱਡੇ ਆਰਥਿਕ ਪਾੜੇ ਕਾਰਨ [(ਅਬਦਲ ਸਰਮਾਇਆ ਅਤੇ ਬਦਲਦਾ ਸਰਮਾਇਆ ਦੀ ਅਨੁਪਾਤ ਹੀਣਤਾ) (Cc:vc)] ਹਕੂਮਤ (ਸੱਤਾ) ਲਈ ਕਾਮਾਂ (Labour), ਸਮਾਜਕ ਲੋੜ ਨਹੀਂ ਹੈ। ਵਿੱਦਿਆ ਅਤੇ ਸਿਹਤ ਉਪਰ ਖਰਚ ਕਰਨਾ ਉਸ ਲਈ ਲੋੜ ਨਹੀਂ ਹੈ, ਜਿਸ ਨੂੰ ਲੋੜ ਹੈ, ਉਹ ਨਿੱਜੀ ਲੋੜ ਦੀ ਪੂਰਤੀ ਲਈ ਖਰਚ ਸਹਿਣ ਕਰੇ, ਇਹ ਨੀਤੀ ਹੈ।

ਇੱਥੇ ਵੀ ਸਮਾਜਿਕ ਵਿਰੋਧ ਅਟੱਲ ਹੈ।

ਇਸ ਤਰ੍ਹਾਂ ਉਪਰੋਕਤ ਸਭ ਵਿਰੋਧਾਂ ਨੂੰ ਦਬਾਉਣ ਲਈ ਉਸ ਨੂੰ ਫਾਸ਼ਿਜ਼ਮ ਦੀ ਲੋੜ ਹੈ।

"ਇਸ ਦਾ ਸਮਾਜਿਕ ਆਧਾਰ ਕੀ ਹੈ"?

ਆਓ ਇਸ ਦੀ ਜਟਲਤਾ 'ਤੇ ਝਾਤ ਪਾਈਏ!

ਜਟਲਤਾ (ਦਵੰਦ), "ਆਰਥਿਕ-ਸਮਾਜਕ" ਹੈ।

ਆਰਥਿਕ ਆਧਾਰ ਉਤੇ ਸਮਾਜਿਕ ਰੂਪ (ਉਸਾਰ) ਹੁੰਦਾ ਹੈ। ਬਦਲਦੇ ਆਰਥਿਕ ਆਧਾਰ ਅਨੁਸਾਰ ਸਮਾਜਿਕ-ਰੂਪ (ਉਸਾਰ) ਬਦਲਦਾ ਆਇਆ ਹੈ ਅਤੇ ਬਦਲਦਾ ਜਾਣਾ ਹੈ। ਇਹ ਨੇਮ ਅਟੱਲ ਹੈ।

ਪਰ ਆਧਾਰ-ਉਸਾਰ ਦੇ ਨੇਮ ਦੇ ਦੋਹਰੇ ਖਾਸੇ [(ਆਧਾਰ, ਉਸਾਰ ਨੂੰ ਨਿਰਧਾਰਤ (determine) ਕਰਦਾ ਹੈ ਅਤੇ ਉਸਾਰ, ਆਧਾਰ ਨੂੰ ਪ੍ਰਭਾਵਤ (Influence) ਕਰਦਾ ਹੈ)] ਨੂੰ ਵੀ ਚੇਤੇ ਰੱਖਣਾ ਚਾਹੀਦਾ ਹੈ। ਆਧਾਰ ਪਦਾਰਥਕ ਤਾਕਤ ਹੈ। ਉਸਾਰ ਅਮੂਰਤ ਤਾਕਤ ਹੈ, ਇਹ (ਉਸਾਰ) ਉਦੋਂ ਤੱਕ ਹੀ ਤਾਕਤ ਹੈ, ਜਦੋਂ ਤੱਕ ਆਧਾਰ ਨਾਲ ਸੁਮੇਲ ਵਿਚ ਹੈ। ਜਦੋਂ ਆਧਾਰ ਨਾਲ (ਜਮਾਤੀ ਹਿੱਤ ਦਾ) ਟਕਰਾਅ ਬਣਦਾ ਹੈ ਤਾਂ ਇਸ ਦੀ (ਆਮੂਰਤ) ਤਾਕਤ ਖੁਰਦੀ ਹੈ। ਨਵੀਨ-ਜਮਾਤ ਦੀ ਪਦਾਰਥਕ ਤਾਕਤ ਵਧਦੀ ਹੈ।

ਇਸ ਦੀ ਨਵੇਂ ਉਸਾਰ-ਰੂਪ ਵਿਚ ਬਦਲੀ ਨਿਸ਼ਚਤ ਹੁੰਦੀ ਹੈ, ਬਾ-ਸ਼ਰਤ ਨਵੇਂ ਉਸਾਰ-ਰੂਪ ਦੀਆਂ ਪਦਾਰਥਕ-ਸ਼ਕਤੀਆਂ ਚੇਤਨ ਰੂਪ ਵਿੱਚ ਸਰਗਰਮ ਹੋਣ। "ਪਰੋਲਤਾਰੀਆ; ਨਵੇਂ ਸੰਸਾਰ ਦਾ ਸਿਰਜਕ" ਹੈ - ਲੈਨਿਨ ਦਾ ਇਹ ਕਥਨ ਸੰਜੀਵ-ਸੇਧ ਹੈ। ਜੇ ਉਹ ਸ਼ਕਤੀਆਂ ਸੁੱਤੀਆਂ ਜਾਂ ਸੁੱਤੇ-ਸਿੱਧ ਰੂਪ ਵਿਚ ਹਨ ਤਾਂ ਉਸਾਰ (ਸੱਤਾ), ਆਧਾਰ ਨੂੰ ਭੰਨ-ਤੋੜ ਕੇ ਆਪਣੀ (ਆਮੂਰਤ) ਤਾਕਤ ਨੂੰ, ਆਰਜ਼ੀ ਰੂਪ ਵਿਚ ਪਦਾਰਥਕ ਤਾਕਤ ਬਣਾਉਣ ਲਈ ਫਾਸ਼ੀਵਾਦੀ ਰੂਪ ਧਾਰ ਲੈਂਦਾ ਹੈ।

ਉਸ ਦਾ ਆਰਥਿਕ ਖੇਤਰ ਪੱਖੋਂ ਸਮਾਜਿਕ ਆਧਾਰ ਸੁੰਗੜ ਕੇ ਕੇਵਲ ਇਕ ਫੀਸਦੀ ਅਮੀਰ ਹਨ। ਸੋ ਉਸ ਦਾ ਆਰਥਿਕ-ਸਮਾਜਿਕ ਆਧਾਰ ਬਹੁਤ ਕਮਜ਼ੋਰ ਹੁੰਦਾ ਹੈ, ਪਰ ਆਧਾਰ ਬਹੁ-ਗਿਣਤੀ ਵਿਚ ਵਿਖਾਉਣ, ਦਰਸਾਉਣ ਲਈ ਉਹ ਉਸਾਰ (ਮਜ਼ਹਬ) ਨੂੰ ਆਧਾਰ ਵਜੋਂ ਵਰਤਦੇ ਹਨ।

ਇਸ ਗੁੰਝਲ ਨੂੰ ਸਮਝਣ ਲਈ ਇਹ ਚੇਤੇ ਰੱਖਣਾ ਜ਼ਰੂਰੀ ਹੈ ਕਿ ਆਰਥਿਕ ਆਧਾਰ ਆਪਣੇ ਅਨੁਸਾਰ ਸਮਾਜਿਕ ਉਸਾਰ (ਜਾਤ-ਪਾਤ, ਰੀਤੀ-ਰਿਵਾਜ, ਮਜ਼ਹਬ, ਧਰਮ, ਸੱਭਿਆਚਾਰ, ਰਾਜ, ਕਾਨੂੰਨ, ਵਿਧਾਨ, ਅਤੇ ਦਰਸ਼ਨ) ਸਿਰਜਦਾ ਹੈ। ਸੋ ਮਜ਼ਹਬ 'ਉਸਾਰ' ਦਾ ਭਾਗ ਹੈ। ਉਹ ਇਸ (ਮਜ਼ਹਬ) ਉਸਾਰ-ਰੂਪ ਨੂੰ, ਆਧਾਰ-ਰੂਪ ਵਿਚ ਵਰਤਣ ਲਗਦਾ ਹੈ। ਸੋ ਸਮਾਜਿਕ ਆਧਾਰ ਵਜੋਂ ਉਸ ਦੀ ਟੇਕ ਮਜ਼ਹਬੀ ਧਰੁਵੀਕਰਨ ਬਣ ਜਾਂਦਾ ਹੈ।

ਸਮਾਜਿਕ ਫਿਰਕੂ ਵੰਡ ਵਿਚ ਵੱਡਾ ਫਿਰਕਾ "ਹਿੰਦੂ" ਹੈ, ਜੋ ਸਮਾਜਿਕ ਬਹੁ-ਗਿਣਤੀ ਵੀ ਹੈ। ਉਸ ਦਾ ਸਾਰਾ ਦਾਰੋ-ਮਦਾਰ ਫਿਰਕੂ ਧਰੁਵੀਕਰਨ ਹੈ, ਜਿਸ ਨਾਲ ਉਹ (ਸੱਤਾ) ਆਪਣਾ ਮਿਸ਼ਨ (ਸੱਤਾ ਵਿਚ ਰਹਿਣਾ) ਹਾਸਲ ਕਰਨ 'ਤੇ ਤੁਲੀ ਹੋਈ ਹੈ।

(+)

ਦਮਿਤਰੋਵ ਰਿਪੋਰਟ ਦੀ 'ਸਾਂਝਾ ਮੋਰਚਾ' ਉਸਾਰੀ-ਸੇਧ ਅਨੁਸਾਰ, ਆਓ ਸਾਡੇ ਆਪਣੇ ਕਾਰ-ਵਿਹਾਰ ਦੀ ਵੀ ਨਿਰਖ-ਪਰਖ ਕਰੀਏ!

ਆਓ ਸੇਧ-ਹਵਾਲੇ ਨੂੰ ਹਿੱਸਿਆਂ ਵਿਚ ਵੰਡ ਕੇ ਵਿਚਾਰੀਏ:

1) "ਸਾਡੇ ਸਾਰੇ ਦਾਅਪੇਚ ਇਕ ਅਜਿਹੇ ਖਾਸੇ ਦੇ ਹੋਣੇ ਚਾਹੀਦੇ ਹਨ, ਜਿਹੜੇ ਫਾਸ਼ਿਜ਼ਮ ਦੇ ਸਮਰਥਕਾਂ ਦੀਆਂ ਆਮ ਸਫਾਂ ਨੂੰ ਸਾਡੇ ਕੋਲੋਂ ਪਰੇ ਨਾ ਧੱਕਣ..

2) "..... ਉਹਨਾਂ ਨੂੰ ਮੁੜ ਇਕ ਵਾਰ ਫਾਸ਼ਿਸਟਾਂ ਦੀ ਬੁੱਕਲ ਵਿਚ ਨਾ ਸੁੱਟ ਦੇਣ ....

3) "..ਮਿਹਨਤਕਸ਼ ਭਾਗਾਂ ਤੋਂ ਆਏ ਫਾਸ਼ਿਜ਼ਮ ਦੇ ਭਰਮ-ਮੁਕਤ ਹੋਏ ਅਨੁਆਈਆਂ ਦੀਆਂ ਆਮ ਸਫਾਂ ਵਿਚਲੇ ਜਨ-ਸਮੂਹਾਂ ਅਤੇ ਫਾਸ਼ਿਸਟ ਆਗੂਆਂ ਵਿਚਕਾਰ ਖਾਈ ਨੂੰ ਡੂੰਘਾ ਕਰਨ।

ਕੀ ਅਸੀਂ ਉਪਰੋਕਤ ਸੇਧ [1),2),3) ਭਾਗ, ਸਾਡੇ ਵੱਲੋਂ] ਦੀ ਰੌਸ਼ਨੀ ਵਿਚ ਵਿਹਾਰ ਕਰਦੇ ਹਾਂ?

ਨੀਮ ਹਕੀਮ ਖਤਰਾ ਏ ਜਾਨ

ਬਹੁਤਾ ਕਹਿਣ ਦੀ ਤਾਂ ਲੋੜ ਹੀ ਨਹੀਂ, ਇਮਾਨਦਾਰੀ ਨਾਲ ਮੰਨੀਏ ਤਾਂ ਇਸ ਪੱਖੋਂ ਸਾਡੀ ਸਾਂਝੀ ਸਿਧਾਂਤਕ ਕਮਜ਼ੋਰੀ ਹੈ। ਅਸੀਂ ਇਸ ਬਾਰੇ ਚੇਤਨ ਹੀ ਨਹੀਂ ਹਾਂ। ਸਾਡੀ ਇੱਛਾ ਦੇ ਬਾਵਜੂਦ ਉਨ੍ਹਾਂ ਦੇ ਵਰਗਲਾਏ ਅਨੁਆਈਆਂ ਨੂੰ ਜਿੱਤਣ, ਭਰਮ ਮੁਕਤ ਕਰਨ ਲਈ ਸਾਡੇ ਦਾਅਪੇਚ ਨਹੀਂ ਦੇ ਬਰਾਬਰ ਅਤੇ ਅਤਿ-ਧੁੰਦਲੇ ਹਨ। ਸਵੈ ਦੀ ਅਲੋਚਨਾ (ਆਪਾ ਪੜਚੋਲ) ਸਭ ਤੋਂ ਔਖਾ ਕੰਮ ਹੈ। ਇਸ ਔਖੇ ਕੰਮ ਬਗੈਰ, ਕੰਮ-ਢੰਗ ਵਿਚ ਸੁਧਾਰ ਦੀ ਗੁੰਜਾਇਸ਼ ਨਹੀਂ ਹੁੰਦੀ। ਸੁਧਾਰ ਬਗੈਰ ਸਰਗਰਮੀ, ਕੰਮ-ਬਕੇਵਾਂ ਤਾਂ ਪੈਦਾ ਕਰਦੀ ਹੈ, ਪਰ ਸਫਲਤਾ ਨਹੀਂ ਮਿਲਦੀ, ਮਾਯੂਸੀ ਪਸਰਦੀ ਹੈ। ਕਾਮਯਾਬੀ ਬਗੈਰ ਕਾਰਕੁੰਨ ਹੌਸਲਾ ਨਹੀਂ ਫੜਦੇ। ਇਮਾਨਦਾਰ ਦਰੁਸਤੀ ਜ਼ਰੂਰਤ ਬਣ ਜਾਂਦੀ ਹੈ।

ਫਾਸ਼ਿਜ਼ਮ ਦੇ ਸਮਰਥਕਾਂ ਦੀਆਂ ਆਮ ਸਫਾਂ ਕਿਹੜੀਆਂ ਹਨ?

ਸੁੰਗੜੇ ਜਨ-ਸਮਰਥਕ (ਆਰਥਿਕ-ਸਮਾਜਿਕ) "ਆਧਾਰ" ਵਿਚ ਉਹਨਾਂ ਕੋਲ ਕੇਵਲ ਇਕ ਫੀ ਸਦੀ ਅਮੀਰ ਹਨ, ਜਿਨ੍ਹਾਂ ਦਾ "ਸਾਂਝਾ-ਮਜ਼ਹਬ" ਵੱਧ ਤੋਂ ਵੱਧ ਮੁਨਾਫਾ ਹੂੰਝਣਾ, ਵੱਧ ਤੋਂ ਵੱਧ ਦੌਲਤ 'ਤੇ ਕਬਜ਼ਾ ਕਰਨਾ ਹੈ।

ਸਮਾਜਿਕ-"ਉਸਾਰ" ਵਿਚ, ਮਜ਼ਹਬੀ ਵੰਡ ਦਾ ਵੱਡਾ (80 ਫੀ ਸਦੀ) ਭਾਗ- "ਹਿੰਦੂ" ਹਨ, ਜਿਨ੍ਹਾਂ ਨੂੰ ਵਰਗਲਾਉਣ ਉਤੇ ਉਹਨਾਂ ਦੀ ਟੇਕ ਹੈ। ਵਰਗਲਾਉਣਾ ਉਸ ਨੂੰ ਪੈਂਦੇ ਜਿਸ ਦੇ ਹਿੱਤ ਮੇਲ ਨਾ ਖਾਂਦੇ ਹੋਣ। ਜਿਸ ਦੇ ਹਿੱਤ ਮੇਲ ਖਾਂਦੇ ਹੋਣ, ਉਸ ਨੂੰ ਜਗਾਉਣਾ, ਚੇਤਨ ਕਰਨਾ ਹੁੰਦਾ ਹੈ। ਮਜ਼ਹਬੀ ਧਰੁਵੀਕਰਨ (ਦੂਰੀਆਂ ਬਣਾਉਣਾ) ਉਹਨਾਂ ਦਾ ਲਕਸ਼ ਹੈ। ਇਹ ਵੱਡੇ ਮਜ਼ਹਬੀ ਭਾਗ-ਹਿੰਦੂਆਂ ਨੂੰ "ਇਕਮੁੱਠ" ਕਰਦਾ ਹੈ। ਹਿੰਦੂਆਂ ਦਾ ਭਲਾ, ਉਹਨਾਂ ਦੀ ਮਨਸ਼ਾ ਨਹੀਂ ਹੈ, ਕੇਵਲ ਸੱਤਾ ਪ੍ਰਾਪਤੀ ਲਈ ਵਰਗਲਾਉਣਾ ਉਹਨਾਂ ਦੀ ਲੋੜ ਹੈ।

ਫਾਸ਼ੀਵਾਦੀ, ਮਜ਼ਹਬੀ-ਧਰੁਵੀਕਰਨ ਉਤੇ ਕੇਂਦਰਤ ਕਿਉਂ ਕਰਦੇ ਹਨ ?

ਕਿਉਂਕਿ ਸਾਡਾ ਸਮਾਜਿਕ ਤਾਣਾ-ਬਾਣਾ ਸਦੀਆਂ ਤੋਂ ਸੈਕੂਲਰ-ਡੈਮੋਕਰੇਟਕ ਹੈ। ਵੱਖਰੀਆਂ ਮਜ਼ਹਬੀ ਰੀਤਾਂ ਦੇ ਬਾਵਜੂਦ, ਇਮਾਨਦਾਰ ਦਰੁਸਤੀ ਜ਼ਰੂਰਤ ਬਣ ਜਾਂਦੀ ਹੈ।

ਫਾਸ਼ਿਜ਼ਮ ਦੇ ਸਮਰਥਕਾਂ ਦੀਆਂ ਆਮ ਸਫਾਂ ਕਿਹੜੀਆਂ ਹਨ?

ਸੁੰਗੜੇ ਜਨ-ਸਮਰਥਕ (ਆਰਥਿਕ-ਸਮਾਜਿਕ) "ਆਧਾਰ" ਵਿਚ ਉਹਨਾਂ ਕੋਲ ਕੇਵਲ ਇਕ ਫੀ ਸਦੀ ਅਮੀਰ ਹਨ, ਜਿਨ੍ਹਾਂ ਦਾ "ਸਾਂਝਾ-ਮਜ਼ਹਬ" ਵੱਧ ਤੋਂ ਵੱਧ ਮੁਨਾਫਾ ਹੂੰਝਣਾ, ਵੱਧ ਤੋਂ ਵੱਧ ਦੌਲਤ 'ਤੇ ਕਬਜ਼ਾ ਕਰਨਾ ਹੈ।

ਸਮਾਜਿਕ-"ਉਸਾਰ" ਵਿਚ, ਮਜ਼ਹਬੀ ਵੰਡ ਦਾ ਵੱਡਾ (80 ਫੀ ਸਦੀ) ਭਾਗ- "ਹਿੰਦੂ" ਹਨ, ਜਿਨ੍ਹਾਂ ਨੂੰ ਵਰਗਲਾਉਣ ਉਤੇ ਉਹਨਾਂ ਦੀ ਟੇਕ ਹੈ। ਵਰਗਲਾਉਣਾ ਉਸ ਨੂੰ ਪੈਂਦੇ ਜਿਸ ਦੇ ਹਿੱਤ ਮੇਲ ਨਾ ਖਾਂਦੇ ਹੋਣ। ਜਿਸ ਦੇ ਹਿੱਤ ਮੇਲ ਖਾਂਦੇ ਹੋਣ, ਉਸ ਨੂੰ ਜਗਾਉਣਾ, ਚੇਤਨ ਕਰਨਾ ਹੁੰਦਾ ਹੈ। ਮਜ਼ਹਬੀ ਧਰੁਵੀਕਰਨ (ਦੂਰੀਆਂ ਬਣਾਉਣਾ) ਉਹਨਾਂ ਦਾ ਲਕਸ਼ ਹੈ। ਇਹ ਵੱਡੇ ਮਜ਼ਹਬੀ ਭਾਗ-ਹਿੰਦੂਆਂ ਨੂੰ "ਇਕਮੁੱਠ" ਕਰਦਾ ਹੈ। ਹਿੰਦੂਆਂ ਦਾ ਭਲਾ, ਉਹਨਾਂ ਦੀ ਮਨਸ਼ਾ ਨਹੀਂ ਹੈ, ਕੇਵਲ ਸੱਤਾ ਪ੍ਰਾਪਤੀ ਲਈ ਵਰਗਲਾਉਣਾ ਉਹਨਾਂ ਦੀ ਲੋੜ ਹੈ।

ਫਾਸ਼ੀਵਾਦੀ, ਮਜ਼ਹਬੀ-ਧਰੁਵੀਕਰਨ ਉਤੇ ਕੇਂਦਰਤ ਕਿਉਂ ਕਰਦੇ ਹਨ ?

ਕਿਉਂਕਿ ਸਾਡਾ ਸਮਾਜਿਕ ਤਾਣਾ-ਬਾਣਾ ਸਦੀਆਂ ਤੋਂ ਸੈਕੂਲਰ-ਡੈਮੋਕਰੇਟਕ ਹੈ। ਵੱਖਰੀਆਂ ਮਜ਼ਹਬੀ ਰੀਤਾਂ ਦੇ ਬਾਵਜੂਦ, ਭਾਈਚਾਰਕ ਸਾਂਝ ਦਾ ਇਤਿਹਾਸ ਹੈ। ਇਹ "ਨਿਰਜਿੰਦ" ਨਹੀਂ, ਸਗੋਂ ਜੀਵਤ-ਅਮਲ ਹੈ। "ਸੈਕੂਲਰ-ਡੈਮੋਕਰੇਟਕ" ਵਰਤਾਰਾ ਕਦੀ ਵੀ ਖੜੋਤ ਵਿਚ ਨਹੀਂ ਹੋ ਸਕਦਾ, ਇਹ ਭਾਈਚਾਰਕ ਅਮਲ, ਸਾਂਝੇ ਉਦੇਸ਼ ਲਈ ਸਰਗਰਮੀ ਦੇ ਰੂਪ ਵਿੱਚ ਹੀ ਹੋ ਸਕਦਾ ਹੈ। ਮੌਸਮ ਦੀ ਤਰ੍ਹਾਂ, ਸਮਾਜਿਕ ਦੁੱਖ-ਸੁੱਖ ਵੀ ਸਾਂਝੇ ਹਨ।

ਇਸ ਸਮਾਜਿਕ ਸਾਂਝ ਨੂੰ ਤਬਦੀਲ ਜਾਂ ਤਬਾਹ ਕੀਤੇ ਬਗੈਰ ਮਜ਼ਬੂਤੀ ਧਰੁਵੀਕਰਨ ਨਹੀਂ ਹੁੰਦਾ। ਇਸ ਧਰੁਵੀਕਰਨ ਨੀਤੀ-ਅਮਲ ਬਗੈਰ, ਮਜ਼ਬੂਤੀ-ਜਨੂੰਨ ਨਹੀਂ ਭੜਕਦਾ। ਇਸ ਲਈ ਸਾਜ਼ਿਸ਼ ਘੜਨੀ, ਪਾਤਰ ਚੁਣਨੇ ਪੈਂਦੇ ਹਨ। ਪ੍ਰਚਾਰ ਮੀਡੀਆ ਸੈੱਟ ਕਰਨਾ ਪੈਂਦਾ ਹੈ। ਪੂਰੀ ਵਿਉਂਤਬੰਦੀ ਤੇ ਪੈਸੇ ਦੀ ਲੋੜ ਪੈਂਦੀ ਹੈ (ਉਹ ਇਸ ਕੰਮ ਲੱਗੇ ਹੋਏ ਹਨ।

ਜੇ ਇਹ (ਫਿਰਕੂ ਧਰੁਵੀਕਰਨ) ਅਮਲ ਵਿਚ ਨਹੀ ਵਾਪਰਦਾ ਤਾਂ ਆਰਥਿਕ-ਸਮਾਜਿਕ ਪੱਖ ਦਾ ਸੈਕੂਲਰ-ਡੈਮੋਕਰੇਟਕ ਉਭਾਰ, ਆਗੂ ਭੂਮਿਕਾ ਵਿਚ ਆ ਜਾਣ ਦਾ ਖਤਰਾ ਖੜਾ ਹੋ ਜਾਂਦਾ ਹੈ, ਜੋ ਸੱਤਾ ਨੂੰ ਚੁਣੌਤੀ ਬਣਦਾ ਹੈ। ਇਸ ਲਈ "ਸੱਤਾ-ਹੀਣ" ਹੋਣ ਤੋਂ ਬਚਣ ਲਈ ਸਮਾਜਿਕ ਤਣਾਓ ਬਣਾਉਣਾ ਜ਼ਰੂਰੀ ਹੈ। ਇਸ ਲਈ, ਦੂਜੇ ਵੱਡੇ ਮਜ਼ਹਬੀ ਫਿਰਕੇ-"ਮੁਸਲਮ" ਨੂੰ ਯੋਜਨਾਬੱਧ ਢੰਗ ਨਾਲ, ਕਿਸੇ ਨਾਜ਼ੁਕ ਤੰਦ ਤੋਂ, ਨਿਸ਼ਾਨਾ ਬਣਾਇਆ ਜਾਂਦਾ ਹੈ। ਇਸ ਦੇ ਰੱਦੇ-ਅਮਲ ਵਿੱਚੋਂ ਤੁਰੰਤ ਪੂਰਾ ਸਮਾਜ ਫਿਰਕੂ ਧਰੁਵੀਕਰਨ ਦੀ ਪ੍ਰਕਿਰਿਆ ਵਿੱਚ ਆ ਜਾਂਦਾ ਹੈ। ਇਹ ਸੰਵੇਦਨਸ਼ੀਲ ਮੁੱਦਾ ਬਣ ਜਾਂਦਾ ਹੈ।

ਮਜ਼ਹਬੀ ਹਮਲੇ ਦੇ ਸ਼ਿਕਾਰ ਮਜ਼ਹਬ ਵਾਲੇ ਕੀ ਕਰਨ?

ਫਾਸ਼ੀਵਾਦ ਵਿਰੁੱਧ ਸਾਂਝੇ ਮੋਰਚੇ ਦੇ ਕਾਰਕੁੰਨ ਕੀ ਕਰਨ?

ਮਨੁੱਖੀ ਅਧਿਕਾਰ ਸੰਗਠਨ ਦੇ ਕਾਰਕੁੰਨ ਕੀ ਕਰਨ?

ਖੱਬੇ-ਪੱਖੀ ਕੀ ਕਰਨ?

ਜੇ ਉਹ ਵਿਰੋਧ ਨਹੀਂ ਕਰਦੇ ਤਾਂ ਹਮਲੇ ਵਧਦੇ ਹਨ।

ਆਖਰ ਬੋਲਣਾ ਪਵੇਗਾ।

ਜੇ ਵਿਰੋਧ ਕਰਦੇ ਹਨ ਤਾਂ ਫਿ

23-April-Sunday.qxd 4/22/2023 9:03 PM Page 5

ਅੱਜ ਦੇਸ਼ ਦੀ ਹਾਲਤ ਚਿੰਤਾ ਵਾਲੀ, ਅਗਲੇ ਸਾਲ ਤੱਕ ਚਿੰਤਾ ਛੱਡ ਦੇਣ ਵਾਲੀ ਜਾਪਣ ਲੱਗੇਗੀ!

ਦ੍ਰਿਸ਼ਟੀਕੋਣ
ਜਤਿੰਦਰ ਪਨੂੰ

ਇੱਕ 'ਰਾਜ' ਦੇ ਤੌਰ ਉੱਤੇ ਭਾਰਤ ਦੇਸ਼ ਦੀ ਹਾਲਤ ਚਿੰਤਾ ਵਾਲੀ ਹੈ। ਮੈਂ ਇਸ ਦੀ ਚਿੰਤਾ ਕਰਨੀ ਛੱਡ ਦੇਣ ਲਈ ਕਈ ਵਾਰ ਸੋਚਿਆ ਹੈ, ਪਰ ਛੱਡਣ ਦਾ ਫੈਸਲਾ ਹਾਲੇ ਤੱਕ ਨਹੀਂ ਕਰ ਸਕਿਆ, ਪਰ ਮੇਰਾ ਖਿਆਲ ਹੈ ਕਿ ਅਗਲੇ ਸਾਲ ਹੋਣ ਵਾਲੀਆਂ ਪਾਰਲੀਮੈਂਟ ਚੋਣਾਂ ਪਿੱਛੋਂ ਬਹੁਤ ਸਾਰੇ ਲੋਕ ਇਸ ਦੇਸ਼ ਦੀ ਇੱਕ 'ਰਾਜ' ਵਜੋਂ ਚਿੰਤਾ ਕਰਨੀ ਛੱਡਣ ਲਈ ਓਦਾਂ ਹੀ ਸੋਚਣ ਲੱਗਣਗੇ, ਜਿੱਦਾਂ ਅੱਜਕੱਲ੍ਹ ਮੈਨੂੰ ਸੋਚਣਾ ਪੈ ਰਿਹਾ ਹੈ। ਚਿੰਤਾ ਕੀਤੀ ਦਾ ਫਾਇਦਾ ਉਦੋਂ ਹੈ, ਜਦੋਂ ਸੁਧਾਰ ਹੋ ਸਕਣ ਦੀ ਕੁਝ ਗੁੰਜਾਇਸ਼ ਦਿਸਦੀ ਹੋਵੇ, ਪਰ ਜੇ 'ਮਰਜ਼ ਬੜਤਾ ਗਿਆ, ਜਿਉਂ ਜਿਉਂ ਦਵਾ ਕੀ' ਵਾਲੀ ਹਾਲਤ ਬਣੀ ਦਿਸਦੀ ਹੋਵੇ ਤਾਂ ਕੋਈ ਵੀ ਨਾਗਰਿਕ ਚਿੰਤਾ ਕਰਨ ਨੂੰ ਬੇਲੋੜਾ ਕਹਿ ਸਕਦਾ ਹੈ। ਭਾਰਤ ਦੇਸ਼ ਜਿੱਦਾਂ ਦੇ ਹਾਲਾਤ ਤੋਂ ਲੰਘ ਰਿਹਾ ਹੈ ਤੇ ਜਿਹੜੇ ਪਾਸੇ ਨੂੰ ਵਧ ਰਿਹਾ ਦਿਸਦਾ ਹੈ, ਉਸ ਵਿੱਚ ਬਿਮਾਰੀ ਤਾਂ ਵਧਦੀ ਸਾਫ ਦਿਸਦੀ ਹੈ, ਇਲਾਜ ਦੇ ਨਾਂਅ ਉੱਤੇ ਸੁਧਾਰ ਕਰਨ ਦੀ ਥਾਂ ਵਿਗਾੜ ਪਾਉਣ ਦਾ ਕੰਮ ਕੀਤਾ ਜਾ ਰਿਹਾ ਨਜ਼ਰ ਪੈਂਦਾ ਹੈ। ਆਮ ਆਦਮੀ ਵੋਟਾਂ ਵੇਲੇ ਬੂਥ ਉੱਤੇ ਖੜ੍ਹਾ ਹੋਣ ਤੋਂ ਵੱਧ ਕਿਸੇ ਭੂਮਿਕਾ ਦੇ ਲਾਇਕ ਨਹੀਂ ਰਹਿਣ ਦਿੱਤਾ ਗਿਆ ਅਤੇ ਚੋਣ ਮੌਕੇ ਉਮੀਦਵਾਰ ਵਜੋਂ ਜਿਹੜੇ ਲੋਕ ਖੜ੍ਹੇ ਕੀਤੇ ਜਾਂਦੇ ਹਨ, ਉਨ੍ਹਾਂ ਵਿੱਚੋਂ ਬਹੁਤਿਆ ਵਾਸਤੇ ਜਿੱਤ ਦਾ ਅਰਥ ਸੱਤਾ ਦੇ ਸੁਖ ਮਾਣਨ ਤੱਕ ਸੀਮਤ ਹੈ। ਦੇਸ਼ ਦੀ ਹਾਲਤ ਵਿੱਚ ਵਿਗਾੜ ਅੱਜ ਪੈਣਾ ਸ਼ੁਰੂ ਨਹੀਂ ਹੋਇਆ, ਚਿਰੋਕਣਾ ਪੈਂਦਾ ਰਿਹਾ ਹੈ ਅਤੇ ਵਿੱਚ ਕੋਈ ਰਾਜਸੀ ਧਿਰ ਵੀ ਇਹੋ ਜਿਹੀ ਨਹੀਂ ਰਹੀ, ਜਿਸ ਤੋਂ ਕਿਸੇ ਤਰ੍ਹਾਂ ਦੀ ਕੋਈ ਭਵਿੱਖ ਦੀ ਆਸ ਝਲਕਦੀ ਹੋਵੇ।

ਲੋਕਤੰਤਰੀ ਰਿਵਾਇਤਾਂ ਨੂੰ ਢਾਹ ਲੱਗਣ ਦਾ ਕੰਮ ਬੇਸ਼ੱਕ ਬਾਅਦ ਵਿੱਚ ਸ਼ੁਰੂ ਹੋਇਆ ਸੀ, ਅਸੂਲਾਂ ਨੂੰ ਛੱਡਣ ਤੇ ਧਰਮ (ਯਾਨੀ ਫਰਜ਼) ਤੋਂ ਧੜੇ ਨੂੰ ਮੁੱਖ ਰੱਖਣ ਵਾਲੇ ਲੱਠ-ਮਾਰ ਇਸ ਤੋਂ ਚੋਖਾ ਪਹਿਲਾਂ ਰਾਜਨੀਤੀ ਦੀ ਮੂਹਰੀ ਪਾਲ ਮੱਲ ਬੈਠੇ ਸਨ। ਉਸ ਪਿੱਛੋਂ ਵੀ ਚੋਖਾ ਚਿਰ ਚੁਣੇ ਹੋਏ ਅਦਾਰਿਆਂ ਅੰਦਰ ਕੁਝ ਕੁ ਭਰਮ-ਭਾਅ ਰੱਖਿਆ ਜਾਂਦਾ ਰਿਹਾ ਸੀ, ਪਰ ਇੰਦਰਾ ਗਾਂਧੀ ਦੇ ਵਕਤ ਇਸ ਨੂੰ ਵੀ ਢਾਹ ਲੱਗਣ ਲੱਗ ਪਈ ਸੀ। ਫਿਰ ਮੋਰਾਰਜੀ ਡਿਸਾਈ ਤੇ ਚੌਧਰੀ ਚਰਨ ਸਿੰਘ ਦੀ ਪ੍ਰਧਾਨ ਮੰਤਰੀ ਬਣਨ ਵਾਸਤੇ ਖਿੱਚੋਤਾਣ ਨੇ ਭਾਰਤ ਦੇ ਲੋਕਾਂ ਵੱਲੋਂ ਚੁਣੇ ਹੋਏ ਪਾਰਲੀਮੈਂਟ ਮੈਂਬਰ ਦਿੱਲੀ ਦੀ ਮੰਡੀ ਵਿੱਚ ਇਸ ਤਰ੍ਹਾਂ ਵਿਕਣ ਲਾ ਦਿੱਤੇ ਕਿ ਉਨ੍ਹਾਂ ਦੀ ਹਾਲਤ 'ਮੰਡੀ ਵਿੱਚ ਵਿਕਦੇ ਕੱਟਿਆਂ-ਵੱਛਿਆਂ' ਵਰਗੀ ਕਰ ਦਿੱਤੀ ਸੀ। ਇਸ ਪਿੱਛੋਂ ਨਰਸਿਮਹਾ ਰਾਓ ਦੇ ਰਾਜ ਦੌਰਾਨ ਭਰੋਸੇ ਦਾ ਵੋਟ ਲੈਣ ਲਈ ਜਦੋਂ ਝਾਰਖੰਡ ਮੁਕਤੀ ਮੋਰਚਾ ਦੇ ਚਾਰ ਮੈਂਬਰਾਂ ਨੂੰ ਇੱਕ-ਇੱਕ ਕਰੋੜ ਰੁਪਏ ਵਿੱਚ ਖਰੀਦਿਆ ਜਾਣਾ ਸਾਬਤ ਹੋਇਆ ਤਾਂ ਲੋਕਤੰਤਰ ਉਸ ਨੀਵਾਣ ਵੱਲ ਰਿੜ੍ਹਨ ਲੱਗ ਪਿਆ ਸੀ, ਜਿਸ ਤੋਂ ਕਦੀ ਵਾਪਸ ਨਹੀਂ ਮੁੜ ਸਕਿਆ। ਇੱਕ ਮੌਕੇ ਗਿਆਰਾਂ ਪਾਰਲੀਮੈਂਟ ਮੈਂਬਰ ਕਾਰਪੋਰੇਟ ਘਰਾਣਿਆਂ ਨਾਲ ਸੌਦੇ ਮਾਰ ਕੇ ਹਾਊਸ ਵਿੱਚ ਸਵਾਲ ਪੁੱਛਣ ਬਦਲੇ ਅਗੇਤੇ ਰਕਮਾਂ ਲੈਂਦੇ ਵੀ ਦੇਸ਼ ਦੇ ਲੋਕਾਂ ਨੇ ਆਪਣੀਆਂ ਅੱਖਾਂ ਨਾਲ ਟੀ ਵੀ ਸਕਰੀਨਾਂ ਉੱਤੇ ਵੇਖ ਲਏ ਸਨ। ਇਨ੍ਹਾਂ ਬੇਸ਼ਰਮਾਂ ਵਿੱਚੋਂ ਛੇ ਜਣੇ ਲੋਕ ਸਭਾ ਮੈਂਬਰ ਅਤੇ ਪੰਜ ਰਾਜ ਸਭਾ ਵਾਲੇ ਸਨ। ਲੋਕ ਸਭਾ ਦੇ ਛੇ ਦੋਸ਼ੀ ਮੈਂਬਰ ਤਾਂ ਸਰਬ ਸੰਮਤੀ ਨਾਲ ਮਤਾ ਪਾਸ ਕਰ ਕੇ ਕੱਢ ਦਿੱਤੇ ਗਏ, ਪਰ ਰਾਜ ਸਭਾ ਵਾਲੇ ਪੰਜਾਂ ਨੂੰ ਕੱਢਣ ਤੋਂ ਪਹਿਲਾਂ ਉਨ੍ਹਾਂ ਦੇ ਹੱਕ ਵਿੱਚ ਕਈ ਹੋਰ ਉੱਠ ਖੜੋਤੇ ਤੇ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਸੀ ਕੀਤੀ ਜਾ ਸਕੀ। ਫਿਰ ਪਾਰਲੀਮੈਂਟ ਦਾ ਇੱਕ ਮੈਂਬਰ ਕਿਸੇ ਬੇਗਾਨੀ ਔਰਤ ਅਤੇ ਬੇਗਾਨੇ ਬੱਚੇ ਨੂੰ ਆਪਣੇ ਪਰਵਾਰਕ ਜੀਅ ਬਣਾ ਕੇ ਕੈਨੇਡਾ ਛੱਡਣ ਜਾਂਦਾ ਦਿੱਲੀ ਏਅਰਪੋਰਟ ਉੱਤੇ ਫੜਿਆ ਗਿਆ ਸੀ ਅਤੇ ਉਸ ਨੂੰ ਵੀ ਇਸ ਕਾਰਨ ਦੇਸ਼ ਦੀ ਪਾਰਲੀਮੈਂਟ ਵਿੱਚ ਮਤਾ ਪਾਸ ਕਰ ਕੇ ਕੱਢਣਾ ਪਿਆ ਸੀ, ਪਰ ਸੁਧਾਰ ਤਾਂ ਇਸ ਨਾਲ ਵੀ ਕੋਈ ਨਹੀਂ ਸੀ ਹੋਇਆ।

ਸੁਧਾਰ ਕੋਈ ਹੋਵੇਗਾ ਵੀ ਕਿੱਦਾਂ, ਇਸ ਦੇਸ਼ ਵਿੱਚ ਬੰਦਾ ਆਪਣੇ ਗੁਨਾਹਾਂ ਨੂੰ ਧਰਮ ਦੀ ਪੁੱਠ ਚਾੜ੍ਹਨ ਦੇ ਸਮੱਰਥ ਹੋਣਾ ਚਾਹੀਦਾ ਹੈ, ਉਸ ਦੇ ਸਾਰੇ ਐਬ ਢਕੇ ਜਾਣ ਦਾ ਰਾਹ ਨਿਕਲ ਆਉਂਦਾ ਹੈ। ਇਸ ਮਹੀਨੇ ਗੁਜਰਾਤ ਦੀ ਅਦਾਲਤ ਨੇ ਰਾਹੁਲ ਗਾਂਧੀ ਕੇਸ ਵਿੱਚ ਜਿੱਦਾਂ ਦਾ ਫੈਸਲਾ ਦਿੱਤਾ ਹੈ, ਉਹ ਵੀ ਬਹੁਤ ਸਾਰੇ ਲੋਕਾਂ ਨੂੰ ਠੀਕ ਨਹੀਂ ਲੱਗਾ ਅਤੇ ਇਸ ਪਿੱਛੋਂ ਜਿੱਦਾਂ ਗੁਜਰਾਤ ਦੇ ਦੰਗਿਆਂ ਵੇਲੇ ਹੋਏ ਨਰੋਦਾ ਗਾਮ ਕਤਲ ਕਾਂਡ ਦੇ ਦੋਸ਼ੀਆਂ ਨੂੰ ਬਰੀ ਕਰਨ ਦਾ ਹੁਕਮ ਆਇਆ, ਉਸ ਤੋਂ ਵੀ ਬਹੁਤ ਸਾਰੇ ਲੋਕਾਂ ਨੂੰ ਬੁਰਾ ਲੱਗਾ ਸੀ, ਪਰ ਉਨ੍ਹਾਂ ਨੂੰ ਹੈਰਾਨ ਨਹੀਂ ਹੋਣਾ ਚਾਹੀਦਾ। ਜਿਸ ਮੁਲਕ ਵਿੱਚ ਰਹਿਣਾ ਹੈ, ਜੇ ਉਸ ਦੀ ਸਰਕਾਰ ਪੱਕੀ ਬਹੁ-ਸੰਮਤੀ ਦੀ ਨੀਂਹ ਉੱਤੇ ਖੜ੍ਹੀ ਹੋਵੇ ਤਾਂ ਦੇਸ਼ ਦੀ ਸੁਪਰੀਮ ਕੋਰਟ ਭਾਵੇਂ ਕੁਝ ਮਾਮਲਿਆਂ ਵਿੱਚ ਨਿਆਂ ਦੀ ਪਹਿਰੇਦਾਰੀ ਕਰ ਸਕਦੀ ਹੈ, ਬਾਕੀ ਗੱਲਾਂ ਵਿੱਚ ਸੱਤਾ ਦਾ ਪ੍ਰਛਾਵਾਂ ਪੈਣ ਬਾਰੇ ਲੋਕਾਂ ਨੂੰ ਅਗੇਤੇ ਅੰਦਾਜ਼ੇ ਹੋਣ ਲੱਗ ਜਾਂਦੇ ਹਨ। ਬਾਅਦ ਵਿੱਚ ਬਹੁਤੀ ਵਾਰ ਉਹ ਅਗੇਤੇ ਅਨੁਮਾਨ ਹੀ ਸੱਚ ਨਿਕਲਦੇ ਹਨ।

ਹੈਰਾਨੀ ਤਾਂ ਭਾਰਤ ਦੇ ਲੋਕਾਂ ਨੂੰ ਉਦੋਂ ਵੀ ਨਹੀਂ ਹੁੰਦੀ, ਜਦੋਂ ਉਨ੍ਹਾਂ ਦੇ ਆਗੂ ਦੂਸਰਿਆਂ ਨੂੰ ਜਿਹੜੇ ਉਪਦੇਸ਼ ਦੇਂਦੇ ਹਨ, ਉਨ੍ਹਾਂ ਗੱਲਾਂ ਦੀ ਉਲੰਘਣਾ ਕਰਨ ਵਿੱਚ ਉਨ੍ਹਾਂ ਨੂੰ ਖੁਦ ਜਾਂ ਉਨ੍ਹਾਂ ਨਾਲ ਜੁੜੇ ਲੋਕਾਂ ਨੂੰ ਝਿਜਕਣ ਦੀ ਲੋੜ ਮਹਿਸੂਸ ਨਹੀਂ ਹੁੰਦੀ। ਉਹ ਆਮ ਲੋਕਾਂ ਅਤੇ ਸਰਕਾਰ ਦੇ ਫੈਸਲੇ ਲੋਕਾਂ ਤੱਕ ਪੁਚਾਉਣ ਵਾਲੀ ਅਫਸਰਸ਼ਾਹੀ ਨੂੰ ਉਪਦੇਸ਼ ਵੰਡਦੇ ਹਨ ਕਿ ਸਾਰਾ ਪ੍ਰਬੰਧ ਪਾਰਦਰਸ਼ੀ ਹੋਣਾ ਚਾਹੀਦਾ ਹੈ, ਲੋਕਾਂ ਦੀ ਮਿਹਨਤ ਦੀ ਕਮਾਈ ਵਿੱਚੋਂ ਆਇਆ ਟੈਕਸਾਂ ਦਾ ਪੈਸਾ ਕਿਸੇ ਵਿਅਕਤੀ ਜਾਂ ਉਸ ਦੀ ਪਾਰਟੀ ਦੇ ਹਿੱਤਾਂ ਲਈ ਕਦੇ ਨਹੀਂ ਵਰਤਣਾ ਚਾਹੀਦਾ, ਪਰ ਅਮਲ ਵਿੱਚ ਏਹੋ ਕੰਮ ਸਭ ਤੋਂ ਪਹਿਲਾਂ ਉਪਦੇਸ਼ ਦੇਣ ਵਾਲਿਆਂ ਦੀ ਸਰਪ੍ਰਸਤੀ ਹੇਠਲੀ ਟੀਮ ਖੁਦ ਕਰਦੀ ਹੈ। ਦੇਸ਼ ਦੇ ਲੋਕਤੰਤਰ ਦੇ ਜਿਹੜੇ ਕੁਝ ਹਿੱਸੇ ਹਾਲੇ ਤੱਕ ਗਿਰਾਵਟ ਦੀ ਮਾਰ ਹੇਠ ਨਹੀਂ ਆਏ, ਆਸ ਸੀ ਕਿ ਸੱਤਾ ਦੀ ਸਿਖਰ ਵਾਲੇ ਲੋਕ ਪ੍ਰਤੀਨਿਧ ਇਨ੍ਹਾਂ ਹਿੱਸਿਆਂ ਦਾ ਵਿਗਾੜ ਰੋਕਣ ਲਈ ਪਹਿਰੇਦਾਰ ਬਣ ਸਕਦੇ ਹਨ, ਪਰ ਜੇ ਉਹੀ ਇਨ੍ਹਾਂ ਨੂੰ ਪ੍ਰਭਾਵਤ ਕਰਨ ਦੇ ਰਾਹ ਪੈ ਜਾਣ ਤਾਂ ਬਚਾਅ ਦੀ ਆਸ ਨਹੀਂ ਰਹਿੰਦੀ। ਦੇਸ਼ ਦੀ ਹਰ ਸ਼ਾਖ ਉੱਤੇ ਜਦੋਂ ਸੱਤਾ ਦੀ ਸੁਰ ਅਲਾਪਣ ਵਾਲੇ ਭਾਰੂ ਹੋਣ ਲੱਗ ਪਏ ਅਤੇ ਹੇਠਲੇ ਪੱਧਰ ਦੀ ਨਿਆਂ ਪਾਲਿਕਾ ਵੀ ਇਸ ਦੀ ਲਾਗ ਹੇਠ ਆ ਗਈ ਤਾਂ ਸੁਪਰੀਮ ਕੋਰਟ ਅਜੇ ਕਾਫੀ ਹੱਦ ਤੱਕ ਇਸ ਪ੍ਰਭਾਵ ਤੋਂ ਬਚੀ ਜਾਪਦੀ ਸੀ। ਪਿਛਲੇ ਕੁਝ ਸਮੇਂ ਤੋਂ ਦੇਸ਼ ਦਾ ਕਾਨੂੰਨ ਮੰਤਰੀ ਇਸ ਸਿਖਰਲੀ ਅਦਾਲਤ ਦੇ ਖਿਲਾਫ ਵੀ ਜਿਹੋ ਜਿਹੀ ਸ਼ਬਦਾਵਲੀ ਦੀ ਵਰਤੋਂ ਕਰਦਾ ਲੋਕਾਂ ਨੇ ਵੇਖਿਆ ਸੀ, ਉਸ ਨੂੰ ਹੱਦਾਂ ਵਿੱਚ ਰਹਿਣ ਨੂੰ ਕਹਿਣ ਦੀ ਬਜਾਏ ਦੇਸ਼ ਦਾ ਉਪ ਰਾਸ਼ਟਰਪਤੀ ਅਤੇ ਕੁਝ ਹੋਰ ਲੋਕ ਵੀ ਉਹੋ ਜਿਹੀ ਸ਼ਬਦਾਵਲੀ ਵਰਤਣ ਲੱਗੇ ਹਨ ਤਾਂ ਇਸ ਖੇਤਰ ਵਿੱਚ ਵੀ ਨਿਆਂ ਦੀ ਆਜ਼ਾਦ ਪਹਿਰੇਦਾਰੀ ਦੀ ਆਸ ਧੁੰਦਲੀ ਜਿਹੀ ਹੋਣ ਲੱਗ ਪਈ ਹੈ। ਲੋਕਤੰਤਰ ਫਿਰ ਵੀ 'ਚੱਲੀ ਜਾਂਦਾ' ਹੈ।

ਜਦੋਂ ਏਨਾ ਕੁਝ ਹੋਣ ਪਿੱਛੋਂ ਵੀ ਲੋਕਤੰਤਰ 'ਚੱਲੀ ਜਾਂਦਾ' ਦਿਸਦਾ ਹੈ, ਇਸ ਦਾ ਭਵਿੱਖ ਕਿਸ ਤਰ੍ਹਾਂ ਦਾ ਹੋਵੇਗਾ, ਇਸ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਜਿਸ ਵੱਡੇ ਭ੍ਰਿਸ਼ਟਾਚਾਰੀ ਨੂੰ ਅੱਜ ਭੰਡਿਆ ਜਾਂਦਾ ਹੈ, ਭਲਕੇ ਉਹ ਸੱਤਾ ਦੇ ਸਿਖਰ ਦੀ ਖਿਦਮਤਗਾਰੀ ਕਰਨ ਨੂੰ ਤਿਆਰ ਹੋ ਜਾਵੇ ਤਾਂ ਉਸ ਵੱਲ ਉਂਗਲ ਵੀ ਚੁੱਕਣੀ ਗਲਤ ਕਹੀ ਜਾਂਦੀ ਹੈ ਅਤੇ ਉਹ ਉਲਟਾ ਬਚੇ-ਖੁਚੇ ਈਮਾਨਦਾਰਾਂ ਨੂੰ 'ਈਮਾਨ' ਦਾ ਸਬਕ ਪੜ੍ਹਾਉਣ ਲੱਗ ਜਾਂਦਾ ਹੈ। ਇਸ ਵੇਲੇ ਦੇ ਅੱਧੇ ਦੇ ਕਰੀਬ ਰਾਜਾਂ ਦੇ ਮੁੱਖ ਮੰਤਰੀ ਈਮਾਨਦਾਰੀ ਦੀ ਏਸੇ ਵਰਾਇਟੀ ਵਾਲੇ ਹਨ ਤੇ ਉਨ੍ਹਾਂ ਦੀ ਵੇਖੋ-ਵੇਖੀ ਬਹੁਤ ਸਾਰੇ ਹੋਰ ਵੀ ਓਸੇ ਵਹਿਣ ਵਿੱਚ ਵਗਦੇ ਤੇ 'ਭਵਿੱਖ ਦੇ ਵਿਸ਼ਵ ਗੁਰੂ' ਭਾਰਤ ਦੀ ਮਾਲਾ ਫੇਰਨ ਲਈ ਤਿਆਰ ਹੁੰਦੇ ਸੁਣੇ ਜਾਂਦੇ ਹਨ। ਕਨਸੋਆਂ ਮਿਲ ਰਹੀਆਂ ਹਨ ਕਿ ਅਜੇ ਤੱਕ ਸਿਖਰਲੀ ਸੱਤਾ ਨਾਲ ਆਢਾ ਲੈਣ ਵਾਲੇ ਏਨੇ ਕੁ ਸੱਜਣ ਅਗਲੇ ਸਾਲ ਪਾਰਲੀਮੈਂਟ ਚੋਣਾਂ ਤੋਂ ਪਹਿਲਾਂ ਸੱਤਾ ਨਾਲ ਜਾ ਜੁੜਨਗੇ, ਜਾਂ ਜੁੜਨ ਲਈ ਮਜਬੂਰ ਕਰ ਦਿੱਤੇ ਜਾਣਗੇ ਕਿ ਉਨ੍ਹਾਂ ਚੋਣਾਂ ਪਿੱਛੋਂ ਦੇਸ਼ ਦੀ ਸਿਖਰਲੀ ਸੱਤਾ ਦਾ ਵਿਰੋਧ ਕਰਨ ਵਾਲੇ ਗਿਣੇ-ਚੁਣੇ ਰਹਿ ਜਾਣਗੇ ਤੇ ਉਦੋਂ ਨਗਾਰਖਾਨੇ ਵਿੱਚ ਤੂਤੀ ਦੀ ਆਵਾਜ਼ ਵੀ ਸੁਣਾਈ ਨਹੀਂ ਦੇਵੇਗੀ। ਉਹ ਹਾਲਤ ਚਿੰਤਾ ਕਰਨ ਦੀ ਥਾਂ ਚਿੰਤਾ ਛੱਡ ਦੇਣ ਵਾਲੀ ਬਣ ਜਾਵਗੀ। ਅੱਜ ਜਿੰਨੀਆਂ ਆਵਾਜ਼ਾਂ ਉੱਠ ਰਹੀਆਂ ਹਨ, ਪਰ ਉਨ੍ਹਾਂ ਵੱਲੋਂ ਕਹੀ ਹਰ ਗੱਲ ਨਜ਼ਰ ਅੰਦਾਜ਼ ਹੁੰਦੀ ਹੈ, ਅਗਲੇ ਸਾਲ ਨਜ਼ਰ-ਅੰਦਾਜ਼ ਕਰਨ ਦੀ ਥਾਂ ਉਨ੍ਹਾਂ ਨੂੰ ਬੇ-ਆਵਾਜ਼ ਕਰਨ ਦਾ ਕੰਮ ਵੀ ਸ਼ੁਰੂ ਹੋ ਸਕਦਾ ਹੈ। ਜਿਨ੍ਹਾਂ ਲੋਕਾਂ ਨੂੰ ਇੱਕ 'ਰਾਜ' ਵਜੋਂ ਅੱਜ ਭਾਰਤ ਦੀ ਕੋਈ ਚਿੰਤਾ ਜਿਹੀ ਨਹੀਂ ਜਾਪਦੀ, ਜਦੋਂ ਉਨ੍ਹਾਂ ਨੂੰ ਚਿੰਤਾ ਕਰਨ ਦੀ ਲੋੜ ਮਹਿਸੂਸ ਹੋਵੇਗੀ, ਉਦੋਂ ਨੂੰ ਚਿੰਤਾ ਕਰਨ ਦਾ ਕੋਈ ਅਰਥ ਹੀ ਨਹੀਂ ਰਹਿ ਜਾਵੇਗਾ, ਪਾਣੀ ਸਿਰਾਂ ਉੱਤੋਂ ਲੰਘ ਚੁੱਕਾ ਹੋਵੇਗਾ। ਕੀ ਅਸੀਂ ਉਸ ਵਕਤ ਨੂੰ ਉਡੀਕ ਰਹੇ ਹਾਂ!

ਫ਼ਿਰਕੂ ਫਾਸ਼ੀਵਾਦ ਵਿਰੁੱਧ ਨੌਜਵਾਨ ਪੀੜ੍ਹੀ ਨੂੰ ਉੱਠਣ ਦੀ ਲੋੜ

ਸੁਮੀਤ ਸਿੰਘ

ਮੈਂ ਜ਼ਿਆਦਾਤਰ ਰੇਲ ਗੱਡੀ ਦਾ ਸਫਰ ਕਰਨ ਨੂੰ ਤਰਜੀਹ ਦਿੰਦਾ ਹਾਂ ਅਤੇ ਸਫ਼ਰ ਦੌਰਾਨ ਅਕਸਰ ਆਪਣੇ ਨਾਲ ਵਿਗਿਆਨਕ ਸਾਹਿਤ ਅਤੇ ਕੋਈ ਮਿਆਰੀ ਅਖ਼ਬਾਰ ਜਾਂ ਮੈਗਜ਼ੀਨ ਜ਼ਰੂਰ ਰੱਖਦਾ ਹਾਂ। ਕੁੱਝ ਮਹੀਨੇ ਪਹਿਲਾਂ ਅੰਮ੍ਰਿਤਸਰ ਤੋਂ ਮੁਹਾਲੀ ਜਾਣ ਲਈ ਰੇਲ ਰਾਹੀਂ ਸਫ਼ਰ ਕਰਦਿਆਂ ਪ੍ਰਸਿੱਧ ਵਿਦਵਾਨ ਅਤੇ ਨਾਟਕਕਾਰ ਸ਼ਮਸੁਲ ਇਸਲਾਮ ਦੀ ਕਿਤਾਬ "ਆਰ.ਐੱਸ.ਐੱਸ. ਦਾ ਮੂਲ ਪਛਾਣੋ" ਪੜ੍ਹ ਰਿਹਾ ਸੀ। ਗੱਡੀ ਚੱਲੀ ਨੂੰ ਅਜੇ ਕੁਝ ਸਮਾਂ ਹੀ ਹੋਇਆ ਸੀ ਕਿ ਸਾਹਮਣੇ ਸੀਟ ਉੱਤੇ ਬੈਠੇ ਕਿਸੇ ਕਾਲਜ ਦੇ ਕੁਝ ਵਿਦਿਆਰਥੀਆਂ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਹਿੰਦੂ ਭਾਈਚਾਰੇ ਨਾਲ ਸੰਬੰਧਤ ਸਨ, ਵਿੱਚੋਂ ਇਕ ਵਿਦਿਆਰਥੀ ਨੇ ਮੈਨੂੰ ਪੁੱਛ ਲਿਆ,

"ਅੰਕਲ, ਦੇਸ਼ ਵਿਚ ਪਿਛਲੇ ਕੁਝ ਸਮੇਂ ਤੋਂ ਧਰਮ ਦੀ ਆੜ ਹੇਠ ਵਧ ਰਹੀ ਫ਼ਿਰਕੂ ਨਫ਼ਰਤ ਅਤੇ ਫ਼ਿਰਕੂ ਹਮਲਿਆਂ ਨੂੰ ਤੁਸੀਂ ਕਿਸ ਤਰ੍ਹਾਂ ਨਾਲ ਵੇਖਦੇ ਹੋ? ਕੀ ਹਿੰਦੂ ਰਾਸ਼ਟਰ ਬਣਨ ਨਾਲ ਸਾਰੇ ਦੇਸ਼ ਵਾਸੀਆਂ ਅਤੇ ਖਾਸ ਕਰਕੇ ਹਿੰਦੂ ਭਾਈਚਾਰੇ ਦੇ ਸਾਰੇ ਮਸਲੇ ਹੱਲ ਹੋ ਜਾਣਗੇ? ਸ਼ਾਇਦ ਉਸ ਨੇ ਮੇਰੀ ਕਿਤਾਬ ਦਾ ਸਿਰਲੇਖ ਪੜ੍ਹ ਕੇ ਹੀ ਸਵਾਲ ਕੀਤੇ ਸਨ। ਮੈਨੂੰ ਉਸ ਦੇ ਅਜਿਹੇ ਗੰਭੀਰ ਸਵਾਲ ਸੁਣ ਕੇ ਬੜੀ ਹੈਰਾਨੀ ਹੋਈ, ਪਰ ਇਸ ਗੱਲ ਦੀ ਸੰਤੁਸ਼ਟੀ ਵੀ ਹੋਈ ਕਿ ਨੌਜਵਾਨ ਪੀੜ੍ਹੀ ਮੁਲਕ ਦੇ ਮੌਜੂਦਾ ਮਾੜੇ ਆਰਥਿਕ ਅਤੇ ਫ਼ਿਰਕੂ ਹਾਲਾਤ ਪ੍ਰਤੀ ਫ਼ਿਕਰਮੰਦ ਵਿਖਾਈ ਦੇ ਰਹੀ ਹੈ।

ਮੈਂ ਵਿਦਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਕਿਹਾ, "ਬੇਟਾ, ਇਹ ਸਾਡੇ ਸਾਰਿਆਂ ਲਈ ਵਾਕਈ ਬੜੀ ਗੰਭੀਰ ਚਿੰਤਾ ਦਾ ਵਿਸ਼ਾ ਹੈ। ਸਾਡਾ ਮੁਲਕ ਸ਼ੁਰੂ ਤੋਂ ਹੀ ਵੱਖ-ਵੱਖ ਧਰਮਾਂ, ਫ਼ਿਰਕਿਆਂ, ਜਾਤਾਂ, ਭਾਸ਼ਾਵਾਂ, ਸੱਭਿਆਚਾਰਾਂ ਦਾ ਦੇਸ਼ ਰਿਹਾ ਹੈ ਅਤੇ ਇਸ ਵਿਭਿੰਨਤਾ ਦੇ ਬਾਵਜੂਦ ਅਸੀਂ ਹਮੇਸ਼ਾ ਇਕਜੁੱਟ ਰਹੇ ਹਾਂ। ਅਸੀਂ ਸਭ ਨੇ ਇਕੱਠੇ ਹੋ ਕੇ ਬਰਤਾਨਵੀ ਹਕੂਮਤ ਦੇ ਖਿਲਾਫ ਆਜ਼ਾਦੀ ਦੀ ਲੜਾਈ ਲੜੀ ਹੈ ਅਤੇ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਸਮੇਤ ਹਜ਼ਾਰਾਂ ਦੇਸ਼ ਭਗਤ ਯੋਧਿਆਂ ਨੇ ਸ਼ਹੀਦੀਆਂ, ਉਮਰ ਕੈਦਾਂ, ਕਾਲੇ ਪਾਣੀ ਦੀਆਂ ਸਜ਼ਾਵਾਂ ਅਤੇ ਜੇਲ੍ਹਾਂ ਦੇ ਤਸੀਹੇ ਝੱਲ ਕੇ ਮੁਲਕ ਨੂੰ ਆਜ਼ਾਦ ਕਰਵਾਇਆ ਹੈ, ਪਰ ਪਿਛਲੇ ਕੁਝ ਸਾਲਾਂ ਤੋਂ ਧਰਮਾਂ ਦੀ ਫ਼ਿਰਕੂ ਰਾਜਨੀਤੀ ਕਰਨ ਵਾਲੇ ਆਰ ਐੱਸ ਐੱਸ-ਭਾਜਪਾ ਦੇ ਸਿਆਸੀ ਅਤੇ ਫ਼ਿਰਕੂ ਸੰਗਠਨਾਂ ਵੱਲੋਂ ਸੱਤਾ ਉਤੇ ਕਾਬਜ਼ ਹੋਣ ਅਤੇ ਇਸ ਨੂੰ ਲੰਬੇ ਸਮੇਂ ਤੱਕ ਬਰਕਰਾਰ ਰੱਖਣ ਦੇ ਮਕਸਦ ਨਾਲ ਘੱਟ-ਗਿਣਤੀਆਂ ਅਤੇ ਖਾਸ ਕਰਕੇ ਮੁਸਲਮਾਨਾਂ, ਇਸਾਈਆਂ, ਦਲਿਤਾਂ, ਖੱਬੇ-ਪੱਖੀਆਂ ਅਤੇ ਆਦਿਵਾਸੀਆਂ ਉਤੇ ਇਸ ਲਈ ਲਗਾਤਾਰ ਜਾਨਲੇਵਾ ਫ਼ਿਰਕੂ ਹਮਲੇ ਕੀਤੇ ਜਾ ਰਹੇ ਹਨ ਤਾਂ ਕਿ ਹਿੰਦੂ ਰਾਸ਼ਟਰ ਦੀ ਸਥਾਪਨਾ ਲਈ ਦੇਸ਼ ਵਿਚ ਡਰ ਅਤੇ

23-April-Sunday.qxd 4/22/2023 9:03 PM Page 4

ਪੌਣੀ ਸਦੀ ਪਹਿਲਾਂ ਵਾਪਰੇ ਦੁਖਾਂਤ ਦਾ ਦੁਹਰਾਅ

1947
(ਨਾਵਲ)
ਪਰਗਟ ਸਿੰਘ ਸਤੌਜ
ਪੰਨੇ : 144 ਮੁੱਲ : 195 ਰੁਪਏ
ਕੈਲੀਬਰ ਪਬਲੀਕੇਸ਼ਨ, ਪਟਿਆਲਾ

ਕਿਤਾਬ ਦੀ

ਪਰਖ ਪੜਚੋਲ

ਹਰਜਿੰਦਰ ਸਿੰਘ ਅਟਵਾਲ (ਡਾ.)



ਪੌਣੀ ਸਦੀ ਪਹਿਲਾਂ ਭਾਰਤ ਨੂੰ ਮਿਲੀ ਆਜ਼ਾਦੀ ਆਪਣੇ ਨਾਲ ਵੰਡ ਦਾ ਅਜਿਹਾ ਦੁਖਾਂਤ ਲੈ ਕੇ ਆਈ ਕਿ ਪੰਜਾਬ ਦੇ ਇਸ ਖਿੱਤੇ ਦੇ ਲੱਖਾਂ ਲੋਕ ਇਸ ਦੀ ਭੇਂਟ ਚੜ੍ਹ ਗਏ। ਜਦੋਂ ਦੇਸ਼ ਦਾ ਬਾਕੀ ਹਿੱਸਾ ਆਜ਼ਾਦੀ ਦੇ ਇਨ੍ਹਾਂ ਜਸ਼ਨਾਂ ਵਿੱਚ ਮਦਮਸਤ ਸੀ ਤਾਂ ਪੰਜਾਬ ਦੀ ਇਹ ਧਰਤੀ ਕੁਰਲਾਅ ਰਹੀ ਸੀ, ਦਰਿਆ ਮਨੁੱਖੀ ਲਾਸ਼ਾਂ ਨਾਲ ਆਫਰੇ ਪਏ ਸਨ, ਧਰਤੀ ਦਾ ਰੰਗ ਲਾਲ ਹੋ ਚੁੱਕਿਆ ਸੀ ਤੇ ਅਸਮਾਨ ਕਾਲਾ। ਸਮੁੱਚੀ ਦੁਨੀਆਂ ਵਿੱਚ ਇਹ ਇੱਕ ਅਜਿਹਾ ਦੁਖਾਂਤ ਇਤਿਹਾਸ ਦੇ ਪੰਨਿਆਂ ਵਿੱਚ ਇਹ ਇੱਕ ਅਜਿਹਾ ਦੁਖਾਂਤ ਇਤਿਹਾਸ ਦੇ ਪੰਨਿਆਂ ਵਿੱਚ ਦਰਜ ਹੈ, ਜਿਸ ਨੂੰ ਭੁਲਾ ਸਕਣਾ ਸੰਭਵ ਹੀ ਨਹੀਂ, ਇਸੇ ਕਰਕੇ ਹੀ ਸਮਕਾਲ ਵਿੱਚ ਉਸ ਪੀੜ੍ਹੀ ਦੇ ਲੋਕ ਹੌਲੀ ਹੌਲੀ ਆਪਣੀ ਜ਼ਿੰਦਗੀ ਭੋਗ ਕੇ ਤੁਰਦੇ ਜਾ ਰਹੇ ਹਨ ਪਰ ਇਸ ਦੁਖਾਂਤ ਦੀ ਟੀਸ ਮੱਠੀ ਨਹੀਂ ਪੈ ਰਹੀ। ਪੰਜਾਬੀਆਂ (ਚੜ੍ਹਦੇ-ਲਹਿੰਦੇ) ਦੀ ਆਜ਼ਾਦੀ ਤੋਂ ਬਾਅਦ ਜਨਮੀ ਪੀੜ੍ਹੀ ਵੀ ਉਸ ਦਰਦ ਨੂੰ ਹੰਢਾ ਰਹੀ ਹੈ। ਇਹ ਵੀ ਇੱਕ ਵਿਡੰਬਨਾ ਹੀ ਹੈ ਕਿ ਇਸ ਦੁਖਾਂਤ ਵਾਪਰਨ ਤੋਂ ਲੱਗਭੱਗ ਇੱਕ ਸਦੀ ਪਹਿਲਾਂ ਪੰਜਾਬੀਅਤ ਦਾ ਮੁੱਦਈ ਸ਼ਾਇਰ ਸ਼ਾਹ ਮੁਹੰਮਦ ਲਿਖਦਾ ਹੈ:

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ...

ਭਾਵਨਾਤਮਕ ਪੱਧਰ ਤੇ ਸ਼ਾਹ ਮੁਹੰਮਦ ਦੀ ਇਸ ਤੁਕ ਦੀ ਸੱਚਾਈ ਜੱਗ ਜ਼ਾਹਰ ਹੈ ਪਰ ਹੈਰਾਨੀ ਉਦੋਂ ਹੁੰਦੀ ਹੈ ਜਦੋਂ ਦੇਸ਼ ਦੀ ਵੰਡ ਸਮੇਂ ਹੋ ਰਹੇ ਵਸੋਂ ਦੇ ਤਬਾਦਲੇ ਮੌਕੇ ਇਹ ਦੋਵੇਂ ਧਿਰਾਂ (ਹਿੰਦੂ-ਮੁਸਲਮਾਨ) ਇਸ ਦੂਜੇ ਦੇ ਵੈਰੀ ਬਣ ਜਾਂਦੇ ਹਨ। ਇਨ੍ਹਾਂ ਦੀ ਜ਼ਿੰਦਗੀ ਵਿੱਚ ਧਰਮ ਦੇ ਦਖ਼ਲ ਨੇ ਇਨ੍ਹਾਂ ਨੂੰ ਇਨਸਾਨ ਹੀ ਨਹੀਂ ਰਹਿਣ ਦਿੱਤਾ। ਮਸੀਤਾਂ, ਮੰਦਰਾਂ, ਗੁਰਦਵਾਰਿਆਂ ਵਿੱਚ ਇਹ 'ਸੂਰਮੇ' ਅਰਦਾਸਾਂ ਕਰਕੇ ਆਪੋ ਆਪਣੀ ਮਾਰ ਤੇ ਨਿਕਲਦੇ ਰਹੇ। ਇਹ ਸਾਰੇ ਅਮਾਨਵੀ ਵਰਤਾਰੇ ਦਾ ਇਤਿਹਾਸ ਗਵਾਹ ਹੈ। ਇਹ ਸਾਂਝਾ ਦੇ ਸੱਭਿਆਚਾਰ ਵਿਚਲੀ ਕਿਹੋ ਜਿਹੀ ਸਾਂਝ ਸੀ? ਜੋ ਮਾਨਵ ਘਾਤਕ ਬਣ ਗਈ। ਇਹ ਅਤੇਅਜਿਹੇ ਵਡੇਰੇ ਸੁਆਲ ਹਨ, ਜਿਨ੍ਹਾਂ ਨਾਲ ਨਜਿੱਠਣ ਲਈ ਸਾਨੂੰ ਪੌਣੀ ਸਦੀ ਬਾਅਦ ਵੀ ਵਿਚਾਰ ਕਰਨ ਦੀ ਲੋੜ ਮਹਿਸੂਸ ਹੀ ਨਹੀਂ ਹੋ ਰਹੀ।

ਪਰਗਟ ਸਿੰਘ ਸਤੌਜ ਦੇ ਇਸ ਨਾਵਲ ਦਾ ਸਿਰਲੇਖ ਹੀ 1947 ਹੈ ਜਿਸ ਤੋਂ ਸਪੱਸ਼ਟ ਹੀ ਹੈ ਕਿ ਇਹ ਕਿਸੇ ਅਜਿਹੇ ਬਿਰਤਾਂਤ ਨੂੰ ਸਿਰਜ ਰਿਹਾ ਹੈ, ਜੋ ਪਹਿਲਾਂ ਅਨੇਕਾਂ ਵਾਰ ਵੱਖ-ਵੱਖ ਸਾਹਿਤ ਰੂਪਾਂ ਵਿੱਚ ਸਿਰਜਿਆ ਜਾਂਦਾ ਰਿਹਾ ਹੈ। ਲਿਖਤ ਰੂਪ ਵਿੱਚ ਸਾਡੀ ਵੱਡੀ ਸ਼ਾਇਰਾ ਅੰਮ੍ਰਿਤਾ ਪ੍ਰੀਤਮ ਇੱਕ ਯਾਦਗਾਰੀ ਨਜ਼ਮ ਲਿਖ ਵਿੱਚ ਸ਼ੁਰੂਆਤ ਕਰ ਦਿੱਤੀ ਸੀ, ਉਸ ਨਜ਼ਮ ਦਾ ਸੰਬੋਧਨ ਅਠਾਰਵੀਂ ਸਦੀ ਦੇ ਸਾਂਝੇ ਪੰਜਾਬ ਦੇ ਵੱਡੇ ਕਵੀ ਵਾਰਿਸ ਸ਼ਾਹ ਨੂੰ ਸੀ। ਉਸ ਤੋਂ ਬਾਅਦ ਇਸ ਬਿਰਤਾਂਤ ਸਿਰਜਣ ਜਾਂ ਬਿਰਤਾਂਤ ਦੇ ਦੁਹਰਾਅ ਦਾ ਅਜਿਹਾ ਦੌਰ ਸ਼ੁਰੂ ਹੁੰਦਾ ਹੈ ਕਿ ਅੱਜ ਤੱਕ ਜਾਰੀ ਹੈ। ਇਸੇ ਸਾਲ ਹੀ ਕੁਝ ਹੋਰ ਰਚਨਾਵਾਂ ਦੇ ਨਾਲ ਇਸ ਨਾਵਲ ਤੋਂ ਇਲਾਵਾ ਇੱਕ ਵੱਡ ਆਕਾਰੀ ਨਾਵਲ ਸੁਰਿੰਦਰ ਸਿੰਘ ਨੇਕੀ ਦਾ ਵੀ ਆਇਆ ਹੈ। ਨਾਮਾਂ/ਥਾਵਾਂ ਦੇ ਨਾਮ ਬਦਲ ਕੇ ਇਕੋ ਜਿਹੀ ਕਹਾਣੀ ਅਤੇ ਜ਼ਿੰਦਗੀ ਦੀ ਇੱਕੋ ਜਿਹੀ ਵਿਥਿਆ ਪਾਠਕਾਂ ਨੂੰ ਹੁਣ ਅਕੇਵੇਂ ਦਾ ਅਹਿਸਾਸ ਕਰਵਾ ਰਹੀ ਹੈ। ਹਥਲੇ ਨਾਵਲ ਵਿੱਚ ਅਜਮੇਰ ਅਤੇ ਮਾਮਦੀਨ ਦਾ ਆਪਸੀ ਪਿਆਰ ਸਿਖ ਅਤੇ ਮੁਸਲਮਾਨ ਦੀ ਪੀਡੀ ਸਾਂਝ ਦੇ ਬਿੰਬ ਵਜੋਂ ਉਸਾਰਨ ਦਾ ਯਤਨ ਕੀਤਾ ਹੈ। ਉਹ ਭਰਾਵਾਂ ਵਾਗ ਰਹਿ ਰਹੇ ਹਨ, ਉਨ੍ਹਾਂ ਦਾ ਆਪਸ ਵਿੱਚ ਕੋਈ ਵੈਰ-ਵਿਰੋਧ ਨਹੀਂ, ਕੋਈ ਟਕਰਾਅ ਨਹੀਂ ਪਰ ਉਸ ਹਨੇਰੇ ਦੌਰ ਵਿੱਚ ਅਜਮੇਰ ਮਾਮਦੀਨ ਦੇ ਪਰਵਾਰ ਨੂੰ ਕਤਲ ਹੋਣੋਂ ਆਪਣੇ ਹੀ ਹਮਧਰਮ ਦੇ ਲੋਕਾਂ ਕੋਲੋਂ ਬਚਾਅ ਨਹੀਂ ਸਕਿਆ, ਅਜਿਹੀ ਬੇਵੱਸੀ ਇਸ ਵਿਸ਼ੇ ਨਾਲ ਨਜਿੱਠਦਿਆਂ ਚੜ੍ਹਦੇ/ਲਹਿੰਦੇ ਪੰਜਾਬੀ ਲੇਖਕਾਂ ਵੱਲੋਂ ਸਿਰਜੇ ਬਿਰਤਾਂਤ ਵਿੱਚ ਅਕਸਰ/ਆਮ ਹੀ ਮਿਲ ਜਾਂਦੀ ਹੈ। ਵਾਰਿਸ ਦੀ ਹੀਰ ਸੁਣਨ ਦੀ ਚਾਹ ਵੀ ਅਜਮੇਰ ਅਤੇ ਮਾਮਦੀਨ ਦੀ ਸਾਂਝ ਦੀ ਇੱਕ ਵੱਡੀ ਧਿਰ ਬਣ ਕੇ ਉਭਰਦੀ ਹੈ। ਅਜਮੇਰ ਅਤੇ ਮਾਮਦੀਨ ਦੀ ਸਾਂਝ ਦੀ ਭੈਣ ਦੀ ਇੱਕ ਵੱਡੀ ਧਿਰ ਬਣ ਕੇ ਉਭਰਦੀ ਹੈ। ਅਜਮੇਰ ਮਾਮਦੀਨ ਦੀ ਭੈਣ ਦੀ ਨਣਾਨ 'ਨਜ਼ੀਰਾਂ' ਨਾਲ ਮੁਹੱਬਤ ਕਰਦਾ ਹੈ। ਮੁਹੱਬਤ ਦਾ ਇਹ ਬਿਰਤਾਂਤ ਪੰਜਾਬੀ ਕਹਾਣੀ, ਨਾਵਲਾਂ, ਫਿਲਮਾਂ, ਨਾਟਕਾਂ ਆਦਿ ਵਿੱਚ ਰੱਜ ਕੇ ਵਰਤਿਆ ਗਿਆ ਮਿਲਦਾ ਹੈ। ਨਜ਼ੀਰਾ ਜਦ ਅਜਮੇਰ ਨਾਲ ਆਪਣੀ ਮਰਜ਼ੀ ਨਾਲ ਘਰ ਵਸਾ ਕੇ ਰਹਿ ਰਹੀ ਹੈ ਤਾਂ 'ਰਿਕਵਰੀ' ਕਾਨੂੰਨ ਹੇਠ ਉਸ ਨੂੰ ਵਾਪਸ ਉਸ ਦੇ ਧਰਮ ਵਾਲਿਆਂ ਲਈ ਬਣੇ ਮੁਲਕ ਵਿੱਚ ਪਹੁੰਚਾਉਣਾ ਸਰਕਾਰੀ ਤੰਤਰ ਆਪਣੀ ਜ਼ਿੰਮੇਵਾਰੀ ਸਮਝਦਾ ਹੋਇਆ ਉਸ ਨੂੰ ਜ਼ਬਰਦਸਤੀ ਅਜਮੇਰ ਦੇ ਘਰੋਂ ਫੜ ਕੇ ਪਾਕਿਸਤਾਨ ਪਹੁੰਚਾ ਦਿੰਦਾ ਹੈ ਪਰ ਉਹ ਫਿਲਮੀ ਅੰਦਾਜ਼ ਵਿੱਚ ਫਿਰ ਅਜਮੇਰ ਕੋਲ ਆ ਜਾਂਦੀ ਹੈ ਅਤੇ ਨਾਵਲ ਆਪਣੇ ਲਘੂ ਬਿਰਤਾਂਤ ਵਿੱਚ ਇਸ 'ਭਾਰਤ ਮਿਲਾਪ' ਨਾਲ ਖ਼ਤਮ ਹੋ ਕੇ ਕਈ ਤਿੱਖੇ ਸੁਆਲ ਛੱਡ ਜਾਂਦਾ ਹੈ ਜਿਨ੍ਹਾਂ ਦਾ ਜ਼ਿਕਰ ਅਸੀਂ ਇਥੇ ਕਰਨਾ ਜ਼ਰੂਰੀ ਸਮਝਦੇ ਹਾਂ।

ਪਰਗਟ ਸਿੰਘ ਸਤੌਜ ਪੰਜਾਬੀ ਕਵਿਤਾ, ਕਹਾਣੀ ਅਤੇ ਨਾਵਲ ਲਿਖਣ ਦੇ ਨਾਲ ਨਾਲ ਦੋ ਸੰਪਾਦਿਤ ਪੁਸਤਕਾਂ ਵੀ ਪੰਜਾਬੀ ਵਿੱਚ ਛਪਵਾ ਚੁੱਕਾ ਹੈ। ਸਤੌਜ ਪੰਜਾਬੀ ਪਾਠਕਾਂ ਅਤੇ ਪਾਰਖੂਆਂ ਦੀ ਨਜ਼ਰ ਵਿੱਚ ਉਦੋਂ ਵਧੇਰੇ ਚੜ੍ਹਦਾ ਹੈ ਜਦੋਂ ਉਸ ਨੂੰ ਕੈਨੇਡਾ ਵਿੱਚ ਬੈਠੇ ਪਰਵਾਰ ਵੱਲੋਂ ਉਸ ਦੀ ਕਿਸੇ ਪੁਸਤਕ ਤੇ ਵੱਡਾ ਇਨਾਮ (ਇਨਾਮੀ ਰਾਸ਼ੀ ਪੱਖੋਂ) ਦਿੱਤਾ ਜਾਂਦਾ ਹੈ। ਸਾਡਾ ਮਕਸਦ ਉਸ ਇਨਾਮ ਬਾਰੇ ਗੱਲ ਕਰਨਾ ਨਹੀਂ ਸਗੋਂ ਇਹ ਜ਼ਿਕਰ ਇਸ ਲਈ ਜ਼ਰੂਰੀ ਲਗਦਾ ਹੈ ਕਿਉਂ ਜੋ ਜਦੋਂ ਕੋਈ ਵੱਡਾ ਇਨਾਮ ਮਿਲਦਾ ਹੈ ਤਾਂ ਪਾਠਕ ਸਹਿਜੇ ਹੀ ਅਜਿਹੀ ਰਚਨਾ ਜਾਂ ਰਚਨਾਕਾਰ ਨੂੰ ਗਹੁ ਨਾਲ ਦੇਖਣਾ/ਪਰਖਣਾ ਸ਼ੁਰੂ ਕਰ ਦਿੰਦਾ ਹੈ, ਅਜਿਹਾ ਸੁਭਾਵਕ ਵੀ ਹੈ। ਉਂਜ ਇਨਾਮਾਂ ਬਾਰੇ ਕੀ ਕਹਿ ਸਕਦੇ ਹਾਂ, ਭਾਰਤੀ ਸਾਹਿਤ ਅਕੈਡਮੀ ਵੱਲੋਂ ਕਈ ਵਾਰੀ ਅਜਿਹੀਆਂ ਪੁਸਤਕਾਂ ਨੂੰ ਵੀ ਇਨਾਮ ਮਿਲੇ ਹਨ ਜੋ ਬਾਅਦ ਵਿੱਚ 'ਬੈਨ' ਹੋ ਜਾਂਦੀਆਂ ਰਹੀਆਂ। ਸਾਡਾ ਮਕਸਦ ਏਥੇ ਸਿਰਫ਼ ਏਨਾ ਹੀ ਹੈ ਕਿ ਕੋਈ ਵੱਡਾ ਇਨਾਮ ਮਿਲਣ ਨਾਲ ਲੇਖਕਾਂ ਦਾ ਪਾਠਕਾਂ ਦੀ ਨਜ਼ਰ ਵਿੱਚ ਸਾਹਿਤਕ ਕੱਦ-ਬੁੱਤ ਵਧ ਜਾਂਦਾ ਹੈ ਅਤੇ ਉਹ ਏਸ ਪੱਧਰ ਦੀ ਰਚਨਾ ਦੀ ਉਮੀਦ ਕਰ ਬੈਠਦੇ ਹਨ ਜਿਸ ਪੱਧਰ ਦਾ ਉਹ ਇਨਾਮ ਹੋਵੇ ਜਾਂ ਉਸ ਬਾਰੇ ਦਾਅਵੇ ਹੁੰਦੇ ਹੋਣ। ਅਸੀਂ ਜਦੋਂ ਇਸ ਨਾਵਲ ਦਾ ਪਾਠ ਆਰੰਭ ਕੀਤਾ ਤਾਂ ਲਗਦਾ ਸੀ ਕਿ ਆਜ਼ਾਦੀ ਦੀ ਪੌਣੀ ਸਦੀ ਬੀਤ ਜਾਣ ਤੋਂ ਬਾਅਦ ਇਹ ਨਾਵਲ ਪਹਿਲਾਂ ਨਾਲੋਂ ਕੋਈ ਵੱਖਰੀ ਗੱਲ ਕਰੇਗਾ ਪਰ ਪੰਨਾ ਦਰ ਪੰਨਾ ਪੜ੍ਹਦਿਆਂ ਅਜਿਹਾ ਹੋਇਆ ਨਹੀਂ। ਸਾਡੇ ਵਲ ਇੱਕ ਚੁਟਕਲੇ ਵਰਗੀ ਗੱਲ ਪ੍ਰਚੱਲਤ ਹੈ ਕਿ ਕਿਸੇ ਕਵੀਸ਼ਰੀ ਦਰਬਾਰ ਵਿੱਚ ਜੱਥੇ ਦਾ ਆਗੂ ਤਾਂ ਪਹਿਲਾਂ ਪਹੁੰਚ ਗਿਆ ਪਰ ਉਸ ਦੇ ਸਾਥੀ ਥੋੜਾ ਪਛੜ ਗਏ। ਉਨ੍ਹਾਂ ਦੀ ਆਮਦ ਦੂਰੋਂ ਦੇਖਦਿਆਂ ਉਸ ਨੇ ਕਵੀਸ਼ਰੀ ਦੀ ਧਾਰਨਾ ਪੜ੍ਹੀ:

ਭਰ ਕੇ ਪਿਆਲਾ ਨੀਰ ਦਾ
ਬੂਟੇ ਮੁੱਢ ਪਾਇਆ

ਇਹ ਧਾਰਨਾ ਉਸ ਦੇ ਸਾਥੀਆਂ ਨੇ ਦੂਰੋਂ ਸੁਣੀ ਪਹਿਲੀ ਸਤਰ ਉਨ੍ਹਾਂ ਨੂੰ ਪੂਰੀ ਸੁਣਾਈ ਨਾ ਦਿੱਤੀ ਤਾਂ ਉਨ੍ਹਾਂ ਬੇਬਸਾਂ ਨੇ ਦੂਜੀ ਸਤਰ ਨੂੰ ਤੋੜ ਮਰੋੜ ਕੇ ਪੇਸ਼ ਕਰਦਿਆਂ ਬੋਲ ਚੁੱਕੇ:

ਅਸਾਂ ਵੀ ਉਥੇ ਪਾਇਆ

ਇਹ 'ਅਸਾਂ ਵੀ ਉਥੇ ਪਾਇਆ' ਦੀ ਰਵਾਇਤ ਨੂੰ ਇਸ ਲਘੂ ਆਕਾਰ ਦੇ ਨਾਵਲ ਵਿੱਚ ਬਾਖੂਬੀ ਨਿਭਾਇਆ ਗਿਆ ਹੈ, ਜਿਸ ਕਰਕੇ ਇਸ ਦੁਖਾਂਤ ਨਾਲ ਲਿਖੇ ਸਾਹਿਤ ਵਿੱਚ ਇਹ ਨਾਵਲ ਗਿਣਾਤਮਕ ਵਾਧਾ ਤਾਂ ਹੈ ਪਰ ਕੋਈ ਵੱਖਰਾਪਨ ਨਾ ਹੋਣ ਕਰਕੇ ਬਿਰਤਾਂਤ ਦਾ ਦੁਹਰਾਅ ਹੀ ਬਣ ਕੇ ਰਹਿ ਜਾਂਦਾ ਹੈ।

ਸਤੌਜ ਮੁਖ ਪੰਨੇ ਦੇ ਅੰਦਰਲੇ ਸਰਵਰਕ ਤੇ ਲਿਖਦਾ ਹੈ:

"ਇਹ ਨਾਵਲ ਉਨ੍ਹਾਂ ਲੋਕਾਂ ਦੀ ਕਹਾਣੀ ਹੈ ਜਿਨ੍ਹਾਂ ਦੇ ਜਿਸਮਾਂ ਉਪਰ ਵੰਡ ਦੇ ਇਤਿਹਾਸਕ ਨੂੰ ਤਲਵਾਰਾਂ ਅਤੇ ਬਲਾਤਕਾਰਾਂ ਨਾਲ ਲਿਖਿਆ ਗਿਆ।"

ਬੈਕ ਪੰਨੇ ਦੇ ਅੰਦਰਲੇ ਸਰਵਰਕ ਤੇ ਇਹ ਸਤਰਾਂ ਹਨ:

"ਇਹ ਨਾਵਲ ਧਰਮਾਂ, ਜਾਤਾਂ ਤੋਂ ਉਪਰ ਉਠ ਕੇ ਮਨੁੱਖ ਨੂੰ ਮਨੁੱਖ ਨਾਲ ਮੋਹ ਕਰਨਾ ਸਿਖਾਉਂਦਾ ਹੈ ਤੇ ਦੱਸਦਾ ਹੈ ਕਿ ਗੁੰਡਾਗਰਦੀ ਦਾ ਕੋਈ ਧਰਮ ਨਹੀਂ ਹੁੰਦਾ। ਜਦ ਕਦੇ ਵੀ ਭਵਿੱਖ ਵਿੱਚ ਫਿਰਕਾਪਸ਼ਤੀ ਦਾ ਦੈਂਤ ਜਾਗੇਗਾ ਅਜਿਹੀਆਂ ਕਿਰਤਾਂ ਦੀ ਲੋੜ ਪੈਂਦੀ ਰਹੇਗੀ।"

ਇਹ ਦੋਨੋਂ ਬਿਆਨ ਭਾਵਨਾਤਮਕ ਮੋਹ ਨਾਲ ਲਬਰੇਜ਼ ਹੋਣ ਕਰਕੇ ਪਾਠਕ ਨੂੰ ਭਾਵਕ ਵੀ ਕਰਦੇ ਹਨ ਤੇ ਸੋਚਣ ਲਈ ਪਰੇਰਦੇ ਵੀ ਹਨ ਪਰ ਅਜਿਹਾ ਕੁਝ ਕਰਦਿਆਂ ਅਸੀਂ ਪੌਣੀ ਸਦੀ ਬਿਤਾ ਲਈ ਹੈ। ਹੁਣ ਅੱਗੇ ਕੀ ਕਰਨਾ ਚਾਹੀਦਾ ਹੈ? ਕੀ ਹੋਣਾ ਚਾਹੀਦਾ ਹੈ? ਜਿਸ ਨਾਲ ਅਸੀਂ ਇਸ ਬਿਰਤਾਂਤ ਨੂੰ ਨਵੇਂ ਜ਼ਾਵੀਏ ਤੋਂ ਸਿਰਜਦਿਆਂ ਇਸ ਦੁਖਾਂਤ ਪਿੱਛੇ ਉਨ੍ਹਾਂ ਅਦਿਖ ਸ਼ਕਤੀਆਂ ਨੂੰ ਸਮਝ ਸਕੀਏ ਜਿਨ੍ਹਾਂ ਵੱਲ ਅਜੇ ਸਾਡਾ ਧਿਆਨ ਗਿਆ ਹੀ ਨਹੀਂ। ਇਸ ਦਾ ਸਰਲ ਅਤੇ ਸਹਿਜ ਬਿਰਤਾਂਤ ਸਿਰਜ ਲਿਆ ਜਾਂਦਾ ਹੈ ਕਿ ਪੰਜਾਬੀ ਤਾਂ ਆਪਸ ਵਿੱਚ ਮੋਹ ਪਿਆਰ ਨਾਲ ਰਹਿ ਰਹੇ ਸਨ ਤੇ ਰਹਿਣਾ ਚਾਹੁੰਦੇ ਸਨ ਪਰ ਬਦੇਸ਼ੀ ਤਾਕਤਾਂ (ਅੰਗਰੇਜ਼ ਹਾਕਮ) ਨੇ ਇਨ੍ਹਾਂ ਨੂੰ ਆਪਸ ਵਿੱਚ ਲੜਾ ਦਿੱਤਾ। ਪੌਣੀ ਸਦੀ ਤੋਂ ਚਲੀ ਆ ਰਹੀ ਸਾਡੀ ਇਹ ਟੀਰੀ ਸੋਚ ਕਦੋਂ ਸੱਚ ਨੂੰ ਪਛਾਣ ਸਕੇਗੀ? ਅਸੀਂ ਜ਼ਰਾ ਗਹੁ ਨਾਲ ਦੇਖੀਏ ਕਿ ਕੀ ਸਾਡੀ ਉਪਰੋਕਤ ਧਾਰਨਾ ਕਿਤੇ ਆਪਣੇ ਆਪ ਨੂੰ ਅਤੇ ਆਪਣੇ ਸਮਕਾਲੀ ਦੇਸੀ ਹਾਕਮਾਂ ਨੂੰ ਬਰੀ ਕਰਨ ਦੀ ਰੁਚੀ ਵਿੱਚੋਂ ਹਾਂ ਨਹੀਂ ਉਪਜੀ? ਇਸ ਵੰਡ ਨੂੰ ਸਵੀਕਾਰ ਕਰਨਾ, ਦੋ ਕੌਮਾਂ ਦੀ ਥਿਊਰੀ ਨੂੰ ਸਵੀਕਾਰ ਤਾਂ ਅਸੀਂ ਹੀ ਕੀਤਾ ਸੀ, ਹਾਕਮਾਂ ਦੇ ਸੁਝਾਅ ਨੂੰ ਮੰਨਣ ਦੀ ਬਜਾਏ ਰੱਦ ਵੀ ਕੀਤਾ ਜਾ ਸਕਦਾ ਸੀ, ਪਰ ਨਹੀਂ, ਅਸੀਂ ਆਪੋ ਆਪਣੇ ਮੁਫ਼ਾਦ ਦੇ ਘੁਰਨਿਆਂ ਵਿੱਚ ਬੈਠ ਕੇ ਆਪਣੀ ਖੱਲ ਬਚਾਉਣ ਦੇ ਹੀਲੇ-ਵਸੀਲੇ ਹੀ ਕਰਦੇ ਆ ਰਹੇ ਹਾਂ ਅੱਜ ਤਕ ਹੋਰ ਕੁਝ ਨਹੀਂ। ਕੀ ਕਦੀ ਅਸੀਂ ਪੰਜਾਬੀ (ਚੜ੍ਹਦੇ-ਲਹਿੰਦੇ)। ਇਹ ਸੋਚਣ ਦੀ ਜੁਰਅਤ ਕਰ ਸਕਾਂਗੇ ਕਿ ਕੋਈ ਵੀ ਧਰਮ ਮਨੁੱਖ ਨੂੰ ਕਿਸੇ ਦੂਜੇ ਦੀ ਜਾਨ ਲੈਣ ਦੀ ਇਜਾਜ਼ਤ ਨਹੀਂ ਦਿੰਦਾ, ਫਿਰ ਕੀ ਕਾਰਨ ਸੀ ਉਹ ਹਨੇਰੇ ਵਿੱਚ ਮਸੀਤਾਂ, ਮੰਦਰਾਂ ਅਤੇ ਗੁਰਦਵਾਰਿਆਂ ਵਿੱਚ ਉਹ ਜਨੂੰਨੀ 'ਸੂਰਮੇ' ਇਹ ਅਰਦਾਸਾਂ ਕਰਕੇ ਆਪੋ ਆਪਣੇ ਸ਼ਿਕਾਰ ਦੀ ਭਾਲ ਵਿੱਚ ਨਿਕਲਦੇ ਸਨ ਕਿ ਅੱਜ ਸਾਨੂੰ ਕਤਲ ਕਰਨ ਲਈ ਮਨੁੱਖਾਂ ਦੀ ਭਰਵੀ ਫ਼ਸਲ ਮਿਲੇ। ਕੀ ਕਿਤੇ ਇਸ ਦੀਆਂ ਜੜ੍ਹਾਂ ਉਸ ਸਮੇਂ ਦੀਆਂ ਤਿੰਨੋਂ ਧਰਮਾਂ ਵਾਲਿਆਂ ਦੀਆਂ ਤਿੰਨੋ ਅਖੌਤੀ ਸਮਾਜ ਸੁਧਾਰ ਲਹਿਰਾਂ ਵਿੱਚ ਤਾਂ ਨਹੀਂ ਪਈਆਂ? ਅਸਲ ਵਿੱਚ ਇਹ ਤਿੰਨੋਂ ਲਹਿਰਾਂ ਉਦੋਂ ਹੋਂਦ ਅਤੇ ਹਰਕਤ ਵਿੱਚ ਆਉਂਦੀਆਂ ਹਨ ਜਦੋਂ ਹਿੰਦੋਸਤਾਨ ਵਿਚਲੇ ਸਦੀਆਂ ਤੋਂ ਲਿਤਾੜੇ ਲੋਕਾਂ ਨੂੰ ਅੰਗਰੇਜ਼ ਹਾਕਮ ਆਪਣੇ ਅਸੀਮ ਸਾਧਨਾਂ ਰਾਹੀਂ ਈਸਾਈ ਧਰਮ ਵਿੱਚ ਸਤਿਕਾਰਤ ਢੰਗ ਨਾਲ ਸ਼ਾਮਲ ਕਰਨ ਦਾ ਅਮਲ ਆਰੰਭਦੇ ਹਨ।

ਕਿਸੇ ਵੀ ਭਾਸ਼ਾ ਦੇ ਸਾਹਿਤਕਾਰ ਦੀ ਭੂਮਿਕਾ ਅਤੇ ਜ਼ਿੰਮੇਵਾਰੀ ਬਹੁਤ ਵੱਡੀ ਹੁੰਦੀ ਹੈ, ਪਰ ਜੇ ਉਹ ਆਪਣੀ ਇਸ ਭੂਮਿਕਾ ਤੋਂ ਅੱਖਾਂ ਮੋੜੀ ਰੱਖੇਗਾ ਤਾਂ ਭਵਿੱਖ ਕਦੇ ਵੀ ਉਸ ਨੂੰ ਮੁਆਫ਼ ਨਹੀਂ ਕਰੇਗਾ। ਏਡਾ ਅਰਸਾ ਬੀਤ ਜਾਣ ਬਾਅਦ ਉਸ ਦੁਖਾਂਤ ਦੇ ਵੇਰਵਿਆਂ ਦੇ ਦੁਹਰਾਅ ਵਿੱਚੋਂ ਕੁਝ ਨਹੀਂ ਨਿਕਲਣਾ ਸਗੋਂ ਇਤਿਹਾਸ ਨੂੰ ਸੁਆਲ ਕਰਦੇ ਵਿਵੇਕਮਈ ਢੰਗ ਨਾਲ ਉਸ ਸਾਰੀ ਸਥਿਤੀ ਨੂੰ ਸਮਝਣਾ ਹੋਵੇਗਾ ਕਿ ਜਿਸ ਕਾਰਨ ਇਹ ਸਾਰਾ ਕੁਝ ਵਾਪਰਿਆ। ਇਹ ਇਸ ਲਈ ਵੀ ਜ਼ਰੂਰੀ ਹੋ ਜਾਂਦਾ ਹੈ, ਕਿਉਂ ਜੋ ਵਰਤਮਾਨ ਵਿੱਚ ਵੀ ਅਜਿਹਾ ਕੁਝ ਵਾਪਰਦਾ ਹੈ ਜਾਂ ਵਾਪਰਨ ਦੀ ਸੰਭਾਵਨਾ ਬਣੀਰਹਿੰਦੀ ਹੈ। ਜੇ ਸਾਰੇ ਅਦੀਬ ਆਪਣੀ ਇਸ ਬਣਦੀ ਭੂਮਿਕਾ ਤੋਂ ਅਜੇ ਵੀ ਅਵੇਸਲੇ ਰਹੇ ਤਾਂ ਇਹ ਵਰਤਾਰੇ ਭਵਿੱਖ ਵਿੱਚ ਵਾਪਰਦੇ ਰਹਿਣਗੇ। ਭਾਵਕਤਾ ਦੀਆਂ ਐਨਕਾਂ ਲਾਹ ਕੇ ਵਗਾਹ ਮਾਰੀਏ ਅਤੇ ਸੱਚ ਦੀ ਖੋਜ ਕਰਦਿਆਂ ਸੂਰਜਾਂ ਨਾਲ ਮੱਥਾ ਲਾਈਏ। ਦੁਹਰਾਅ ਨੇ ਕੁਝ ਨਹੀਂ ਸੁਆਰਨਾ।

ਸੰਪਰਕ : 98721-73475

ਛੋਟੇ ਆਦਮੀ ਦੀ ਵੱਡੀ ਕਹਾਣੀ

ਰਾਹੀ ਮਾਸੂਮ ਰਜ਼ਾ
ਅਨੁਵਾਦਕ : ਕੁਲਵਿੰਦਰ ਸਿੰਘ ਸਰਾ
ਮੁੱਲ : 140 ਰੁਪਏ, ਪੰਨੇ : ਪੇਪਰ ਬੈਕ 104
ਰਾਵਲ ਪਬਲੀਕੇਸ਼ਨ, ਪਟਿਆਲਾ

ਪਰਮਵੀਰ ਚੱਕਰ ਵਿਜੇਤਾ ਅਬਦੁੱਲ ਹਮੀਦ ਦੀ ਜੀਵਨੀ

ਡਾ. ਅਮਰ ਕੋਮਲ

ਡਾ. ਕੁਲਵਿੰਦਰ ਲੱਗਭੱਗ

23-April-Sunday.qxd 4/22/2023 9:04 PM Page 6

ਪ੍ਰੋ. ਸੁਰਜੀਤ ਲੀ ਨਮਿਤ ਸ਼ਰਧਾਂਜਲੀ ਸਮਾਗਮ ਅੱਜ

ਪਟਿਆਲਾ : ਪਿਛਲੇ ਦਿਨੀਂ ਪੰਜਾਬੀ ਦੇ ਮਾਰਕਸਵਾਦੀ ਚਿੰਤਕ ਪ੍ਰੋਫੈਸਰ ਸੁਰਜੀਤ ਲੀ ਸਾਡੇ ਕੋਲੋਂ ਸਰੀਰਕ ਰੂਪ ਵਿੱਚ ਵਿੱਛੜ ਗਏ ਸਨ। ਉਹਨਾ ਦੇ ਪਰਵਾਰਕ ਮੈਂਬਰਾਂ ਵੱਲੋਂ ਉਹਨਾਂ ਦੇ ਸਾਥੀ ਮਿੱਤਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹਨਾਂ ਦੀ ਯਾਦ ਵਿੱਚ ਸ਼ਰਧਾਂਜਲੀ ਸਮਾਗਮ 23 ਅਪ੍ਰੈਲ 2023 ਨੂੰ ਸਵੇਰੇ 11 ਵਜੇ ਦੀ ਪਾਮ ਕੋਰਟਸ ਰਾਜਪੁਰਾ ਰੋਡ ਪਟਿਆਲਾ ਵਿਖੇ ਹੋ ਰਿਹਾ ਹੈ। ਪਰਵਾਰ ਵੱਲੋਂ ਇਹ ਵੀ ਕਿਹਾ ਗਿਆ ਹੈ ਕਿ ਤੁਹਾਡੀ ਆਮਦਨ, ਸੱਖਣੇਪਣ ਦੀ ਚੀਸ ਨੂੰ ਟਕੋਰ ਕਰਨ ਅਤੇ ਸਮਾਜਿਕ ਸਰੋਕਾਰਾਂ ਸੰਬੰਧੀ ਡਾ. ਸੁਰਜੀਤ ਲੀ ਹੁਰਾਂ ਦੇ ਫਿਕਰਾਂ ਦੀ ਮਿਲ ਕੇ ਬਾਂਹ ਫੜਨ ਦਾ ਅਹਿਮ ਕਾਰਜ ਕਰੇਗੀ।

ਰਾਵੀ ਦੇਸ ਹੋਇਆ ਪ੍ਰਦੇਸ

ਅੰਮ੍ਰਿਤਸਰ : ਏਕਮ ਸਾਹਿਤ ਮੰਚ ਅੰਮ੍ਰਿਤਸਰ ਵੱਲੋਂ 12 ਅਪ੍ਰੈਲ ਬੁੱਧਵਾਰ ਨੂੰ ਭਾਈ ਵੀਰ ਸਿੰਘ ਨਿਵਾਸ ਸਥਾਨ ਲਾਰੈਂਸ ਰੋਡ ਵਿਖੇ ਨਾਮਵਰ ਪ੍ਰਵਾਸੀ ਗਲਪਕਾਰਾ ਤੇ ਵਾਰਤਕ ਲੇਖਕ ਹਰਕੀਰਤ ਕੌਰ ਚਹਿਲ ਦੀ ਨਵੀਂ ਵਾਰਤਕ ਕਿਤਾਬ "ਰਾਵੀ ਦੇਸ ਹੋਇਆ ਪ੍ਰਦੇਸ" ਦਾ ਲੋਕ ਅਰਪਣ ਸਮਾਗਮ ਰਚਾਇਆ ਗਿਆ। ਮੰਚ 'ਤੇ ਡਾ. ਸ਼ਿਆਮ ਸੁੰਦਰ ਦੀਪਤੀ, ਡਾ. ਸੁਖਬੀਰ ਕੌਰ ਮਾਹਲ, ਹਰਕੀਰਤ ਕੌਰ ਚਹਿਲ ਤੇ ਅਰਤਿੰਦਰ ਸੰਧੂ ਬੈਠੇ। ਲੋਕ ਅਰਪਿਤ ਹੋਣ ਵਾਲੀ ਕਿਤਾਬ ਲੇਖਕਾ ਦਾ ਪਾਕਿਸਤਾਨੀ ਸਫਰਨਾਮਾ ਹੈ, ਜਿਸ ਵਿਚ ਉਸ ਨੇ ਪਾਕਿਸਤਾਨ ਜਾਣ ਵੇਲੇ ਵਾਹਗਾ ਬਾਰਡਰ ਤੇ ਭਾਰਤ ਵਿਚ ਸੰਬੰਧਤ ਅਧਿਕਾਰੀਆਂ ਦੇ ਵਤੀਰੇ ਕਾਰਨ ਆਉਂਦੀਆਂ ਮੁਸ਼ਕਲਾਂ ਤੇ ਪੱਛਮੀ ਪੰਜਾਬ ਦੇ ਲੇਖਕਾਂ ਵੱਲੋਂ ਮਿਲੇ ਸਤਿਕਾਰ ਦਾ ਪ੍ਰਗਟਾਵਾ ਬਹੁਤ ਬੇਬਾਕੀ ਨਾਲ ਕੀਤਾ ਹੈ। ਪੁਸਤਕ ਬਾਰੇ ਵਿਚਾਰ-ਵਟਾਂਦਰੇ ਦੌਰਾਨ ਡਾ. ਹਰਿੰਦਰ ਸਿੰਘ ਤੁੜ ਦਾ ਪੇਪਰ ਸ਼ਾਇਰਾ ਵਿਜੇਤਾ ਵੱਲੋਂ ਪੜ੍ਹਿਆ ਗਿਆ, ਜਿਸ ਵਿਚ ਕਿਹਾ ਗਿਆ ਕਿ ਹਰਕੀਰਤ ਕੌਰ ਚਹਿਲ ਦੀ ਇਸ ਕਿਤਾਬ ਵਿਚ ਇਤਿਹਾਸਕ ਤੇ ਸੱਭਿਆਚਾਰਕ ਵੇਰਵੇ ਇਸ ਨੂੰ ਮਹੱਤਵਪੂਰਨ ਬਣਾਉਂਦੇ ਹਨ। ਡਾ. ਸ਼ਿਆਮ ਸੁੰਦਰ ਦੀਪਤੀ ਨੇ ਇਸ ਕਿਤਾਬ ਵਿਚਲੇ ਗਲਪੀ ਅੰਸ਼ਾਂ ਦੀ ਸਿਫਤ ਕੀਤੀ। ਡਾ. ਸੁਖਬੀਰ ਕੌਰ ਮਾਹਲ ਨੇ ਇਸ ਕਿਤਾਬ ਦੇ ਵੇਰਵਿਆਂ ਨਾਲ ਆਪਣੇ ਪਾਕਿਸਤਾਨੀ ਸਫਰਾਂ ਦੇ ਤਜਰਬੇ ਜੋੜਦਿਆਂ ਹੋਇਆਂ ਇਸ ਨੂੰ ਨਿਵੇਕਲਾ ਦਸਤਾਵੇਜ਼ ਕਿਹਾ। ਅਰਤਿੰਦਰ ਸੰਧੂ ਨੇ ਇਸ ਕਿਤਾਬ ਨੂੰ ਪੂਰਬੀ ਤੇ ਪੱਛਮੀ, ਦੋਹਾਂ ਪੰਜਾਬਾਂ ਨੂੰ ਜੋੜਨ ਵਾਲੇ ਸਿਲਸਿਲੇ ਦੇ ਯਤਨ ਦੀ ਇੱਕ ਕੜੀ ਦੱਸਿਆ। ਇਸ ਤੋਂ ਪਿੱਛੋਂ ਹਰਕੀਰਤ ਕੌਰ ਚਹਿਲ ਨੇ ਭਾਵ-ਭਿੰਨੇ ਅਹਿਸਾਸਾਂ ਨਾਲ ਇਸ ਕਿਤਾਬ ਨੂੰ ਹੋਂਦ ਵਿਚ ਲਿਆਉਣ ਵਾਲੇ ਕਾਰਨਾਂ ਤੇ ਆਪਣੇ ਵਿਚਾਰਾਂ ਨੂੰ ਸਰੋਤਿਆਂ ਨਾਲ ਸਾਂਝਾ ਕੀਤਾ। ਅੰਤ ਵਿਚ ਏਕਮ ਸਾਹਿਤ ਮੰਚ ਦੇ ਮੈਂਬਰਾਂ ਵੱਲੋਂ ਹਰਕੀਰਤ ਕੌਰ ਚਹਿਲ, ਡਾ. ਦੀਪਤੀ, ਸੁਖਬੀਰ ਕੌਰ ਮਾਹਲ ਤੇ ਰਮਿੰਦਰ ਵਾਲੀਆ ਨੂੰ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਨ ਡਾ. ਬਲਜੀਤ ਕੌਰ ਰਿਆੜ ਵੱਲੋਂ ਕੀਤਾ ਗਿਆ।

—ਅਰਤਿੰਦਰ ਸੰਧੂ

ਮਿੰਨੀ ਕਹਾਣੀ ਲੇਖਕ ਮੰਚ ਪੰਜਾਬ ਵੱਲੋਂ 'ਅਣੂ' ਦਾ ਜੂਨ 2023 ਅੰਕ ਲੋਕ ਅਰਪਣ

ਲੁਧਿਆਣਾ : ਮਿੰਨੀ ਕਹਾਣੀ ਲੇਖਕ ਮੰਚ ਪੰਜਾਬ ਵੱਲੋਂ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਹਿਯੋਗ ਨਾਲ ਅਣੂ (ਮਿੰਨੀ ਪੱਤ੍ਰਿਕਾ) ਦਾ ਨਵਾਂ ਅੰਕ ਜੂਨ 2023 ਲੋਕ ਅਰਪਣ ਕੀਤਾ ਗਿਆ। ਲੋਕ ਅਰਪਣ ਦੀ ਰਸਮ ਦੀ ਅਦਾਇਗੀ ਡਾ. ਸ਼ਿਆਮ ਸੁੰਦਰ ਦੀਪਤੀ ਸੀਨੀਅਰ ਮੀਤ ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ, ਸ੍ਰੀ ਯੋਗਰਾਜ ਪ੍ਰਭਾਕਰ ਸੰਪਾਦਕ ਲਘੂ ਕਥਾ ਕਲਸ਼, ਡਾ. ਹਰਪ੍ਰੀਤ ਸਿੰਘ ਰਾਣਾ, ਦੇਵਿੰਦਰ ਪਟਿਆਲਵੀ ਸੰਪਾਦਕ 'ਛਿਣ', ਓਂਕਾਰ ਸਿੰਘ ਪੰਜਾਬ ਸਕਾਊਟਸ ਪ੍ਰਬੰਧਕ ਕਮਿਸ਼ਨਰ ਪੰਜਾਬ, ਸੁਰਿੰਦਰ ਕੈਲੇ ਚੇਅਰਮੈਨ ਅਣੂ ਮੰਚ ਤੇ ਸੰਪਾਦਕ ਅਣੂ, ਡਾ. ਭਵਾਨੀ ਸ਼ੰਕਰ ਗਰਗ ਤੇ ਜਗਦੀਸ਼ ਰਾਏ ਕੁਲਰੀਆਂ ਨੇ ਨਿਭਾਈ। ਇਨ੍ਹਾਂ ਦੇ ਨਾਲ ਦਰਸ਼ਨ ਸਿੰਘ ਬਰੇਟਾ, ਕੁਲਵਿੰਦਰ ਕੌਸ਼ਲ, ਬੀਰ ਇੰਦਰ ਬਨਭੌਰੀ, ਊਸ਼ਾ ਦੀਪਤੀ, ਸੁਰਿੰਦਰ ਦੀਪ, ਸੀਮਾ ਵਰਮਾ, ਲਾਜਪਤ ਰਾਏ ਗਰਗ, ਗੁਰਪ੍ਰੀਤ ਕੌਰ, ਪਰਮਜੀਤ ਕੌਰ, ਰਜਿੰਦਰ ਰਾਣੀ, ਸੰਦੀਪ ਕੌਰ ਤੇ ਪਰਗਟ ਸਿੰਘ ਜੰਬਰ ਅਤੇ ਹੋਰ ਲੇਖਕ ਸ਼ਾਮਲ ਸਨ। ਅਣੂ ਦੇ ਇਸ ਨਵੇਂ ਅੰਕ ਬਾਰੇ ਜਾਣਕਾਰੀ ਦਿੰਦਿਆਂ ਸ੍ਰੀ ਸੁਰਿੰਦਰ ਕੈਲੇ ਨੇ ਦੱਸਿਆ ਕਿ ਇਹ ਅੰਕ 'ਮਿੰਨੀ ਕਹਾਣੀ ਵਿਸ਼ੇਸ਼ ਅੰਕ' ਹੈ ਜਿਸ ਵਿਚ ਕਹਾਣੀਆਂ ਔਰਤਾਂ ਦੀਆਂ ਅਜੋਕੀਆਂ ਵਿਸੰਗਤੀਆਂ ਦੇ ਯਥਾਰਥ ਦੀ ਪੇਸ਼ਕਾਰੀ ਦੇ ਨਾਲ-ਨਾਲ ਉਸ ਦੇ ਭਵਿੱਖ ਦੀ ਨਿਸ਼ਾਨਦੇਹੀ ਵੀ ਕਰਦੀਆਂ ਹਨ, ਜੋ ਔਰਤ ਦੇ ਬਦਲ ਰਹੇ ਸੁਭਾਅ, ਸੋਚ, ਕਿਰਦਾਰ, ਪ੍ਰਾਪਤੀਆਂ ਤੇ ਸੰਭਾਵਨਾਵਾਂ ਦਾ ਭਵਿੱਖੀ ਖਾਕਾ ਪੇਸ਼ ਕਰਦੀਆਂ ਹਨ। ਡਾ. ਸ਼ਿਆਮ ਸੁੰਦਰ ਦੀਪਤੀ ਨੇ ਇਸ ਅੰਕ ਦਾ ਸਵਾਗਤ ਕਰਦਿਆਂ ਕਿਹਾ ਕਿ ਪਿਛਲੇ 52 ਸਾਲਾਂ ਤੋਂ ਵੱਖ-ਵੱਖ ਵਿਧਾਵਾਂ ਦੀਆਂ ਰਚਨਾਵਾਂ ਦੇ ਨਾਲ-ਨਾਲ ਮਿੰਨੀ ਕਹਾਣੀ ਨੂੰ ਵਿਸ਼ੇਸ਼ ਦਰਜਾ ਦੇਣ ਵਾਲੇ 'ਅਣੂ' ਦਾ ਯੋਗਦਾਨ ਵਰਨਣਯੋਗ ਹੈ।

ਮਿੰਨੀ ਕਹਾਣੀ ਸਮਾਗਮ ਆਯੋਜਿਤ

ਸ਼ਿਮਲਾ : ਮਿੰਨੀ ਕਹਾਣੀ ਲੇਖਕ ਮੰਚ ਪੰਜਾਬ, ਅੰਮ੍ਰਿਤਸਰ ਵੱਲੋਂ ਭਾਰਤ ਸਕਾਊਟ ਐਂਡ ਗਾਈਡਜ਼ ਪੰਜਾਬ ਅਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਹਿਯੋਗ ਨਾਲ ਬਾਬਾ ਹਰਦਿਆਲ ਸਿੰਘ ਨੇਚੁਰਲ ਰੀਟਰੀਟ ਪਾਰਕ ਸ਼ੈਲਗਾਓ (ਸ਼ਿਮਲਾ) ਵਿਖੇ ਮਿੰਨੀ ਕਹਾਣੀ ਸਮਾਗਮ 'ਜੁਗਨੂੰਆਂ ਦੇ ਅੰਗ-ਸੰਗ' ਨਾਂਅ ਹੇਠ ਕਰਵਾਇਆ ਗਿਆ, ਜਿਸ ਵਿਚ ਪੰਜਾਬ ਦੀਆਂ ਵੱਖ-ਵੱਖ ਥਾਵਾਂ ਤੋਂ ਮਿੰਨੀ ਕਹਾਣੀ ਲੇਖਕਾਂ ਨੇ ਭਾਗ ਲਿਆ। ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਓਂਕਾਰ ਸਿੰਘ ਅਤੇ ਵਿਸ਼ੇਸ਼ ਮਹਿਮਾਨ ਵਜੋਂ ਯੋਗਰਾਜ ਪ੍ਰਭਾਕਰ, ਸੰਪਾਦਕ 'ਲਘੂਕਥਾ ਕਲਸ਼' ਸ਼ਾਮਲ ਹੋਏ, ਜਦ ਕਿ ਪ੍ਰਧਾਨਗੀ ਡਾ. ਸ਼ਿਆਮ ਸੁੰਦਰ ਦੀਪਤੀ ਸੀਨੀਅਰ ਮੀਤ ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਨੇ ਕੀਤੀ। ਪ੍ਰੋਗਰਾਮ ਦੇ ਪਹਿਲੇ ਸੈਸ਼ਨ ਦਾ ਆਗਾਜ਼ ਡਾ. ਭਵਾਨੀ ਸ਼ੰਕਰ ਗਰਗ ਨੇ ਸ਼ਾਇਰ ਸੁਰਜੀਤ ਪਾਤਰ ਦੀ ਗਜ਼ਲ 'ਕੁੱਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ' ਤੁਰੰਨਮ ਵਿਚ ਗਾ ਕੇ ਕੀਤਾ। ਇਸ ਤੋਂ ਬਾਅਦ ਤ੍ਰੈਮਾਸਿਕ 'ਮਿੰਨੀ' ਦੇ ਸੰਪਾਦਕ ਜਗਦੀਸ਼ ਰਾਏ ਕੁਲਰੀਆਂ ਨੇ ਬਾਹਰੋਂ ਆਏ ਲੇਖਕਾਂ ਨੂੰ 'ਜੀ ਆਇਆਂ ਨੂੰ' ਕਿਹਾ ਅਤੇ ਸਮਾਗਮ ਦੀ ਰੂਪ-ਰੇਖਾ ਸਾਂਝੀ ਕੀਤੀ। ਇਸ ਉਪਰੰਤ ਦਰਸ਼ਨ ਸਿੰਘ ਬਰੇਟਾ ਨੇ ਸਕਾਊਟਿੰਗ ਲਹਿਰ ਅਤੇ ਪੰਜਾਬ ਦੇ ਯੋਗਦਾਨ ਬਾਰੇ ਚਾਨਣਾ ਪਾਇਆ। ਡਾ. ਦੀਪਤੀ ਨੇ ਮਿੰਨੀ ਕਹਾਣੀ ਲੇਖਕ ਮੰਚ ਪੰਜਾਬ ਅਤੇ ਅਕਾਡਮੀ ਦੇ ਆਗਾਮੀ ਸਮਾਗਮਾਂ ਦੇ ਨਾਲ-ਨਾਲ ਮਿੰਨੀ ਕਹਾਣੀ ਦੇ ਵਿਧਾਨਕ ਢਾਂਚੇ ਅਤੇ ਰੂਪਕ ਪੱਖ ਬਾਰੇ ਗੱਲਾਂ ਕੀਤੀਆਂ। ਇਸ ਤੋਂ ਬਾਅਦ ਤ੍ਰੈਮਾਸਿਕ 'ਮਿੰਨੀ' ਦਾ 138ਵਾਂ ਅੰਕ, ਮਿੰਨੀ ਕਹਾਣੀ ਸੰਗ੍ਰਹਿ 'ਗਲਵੱਕੜੀ' (ਸੰ: ਡਾ. ਦੀਪਤੀ ਤੇ ਕੁਲਰੀਆਂ), ਤ੍ਰੈਮਾਸਿਕ 'ਅਣੂ' ਦਾ ਨਵਾਂ ਅੰਕ (ਸੰ: ਸੁਰਿੰਦਰ ਕੈਲੇ), ਡਾ. ਕਮਲ ਚੋਪੜਾ ਦੀਆਂ ਚੋਣਵੀਆਂ ਮਿੰਨੀ ਕਹਾਣੀਆਂ, ਪ੍ਰਤਾਪ ਸਿੰਘ ਸੋਢੀ ਦੀਆਂ ਚੋਣਵੀਆਂ ਮਿੰਨੀ ਕਹਾਣੀਆਂ (ਦੋਵਾਂ ਦੇ ਅਨੁਵਾਦਕ ਯੋਗਰਾਜ ਪ੍ਰਭਾਕਰ), ਤ੍ਰੈਮਾਸਿਕ 'ਛਿਣ' ਦਾ ਨਵਾਂ ਅੰਕ (ਸੰ: ਤ੍ਰਿਪਤ ਭੱਟੀ, ਡਾ. ਹਰਪ੍ਰੀਤ ਸਿੰਘ ਰਾਣਾ ਤੇ ਦਵਿੰਦਰ ਪਟਿਆਲਵੀ), ਤ੍ਰੈਮਾਸਿਕ 'ਮੇਲਾ' ਦਾ ਕਵਿਤਾ ਵਿਸ਼ੇਸ਼ ਅੰਕ (ਸੰ: ਰਾਜਿੰਦਰ ਮਾਜ਼ੀ) ਨੂੰ ਰਿਲੀਜ਼ ਕੀਤਾ ਗਿਆ। ਸਮਾਗਮ ਦੇ ਦੂਜੇ ਸੈਸ਼ਨ 'ਜੁਗਨੂੰਆਂ ਦੇ ਅੰਗ-ਸੰਗ' ਵਿਚ ਮਿੰਨੀ ਕਹਾਣੀਆਂ ਪੜ੍ਹਨ ਦੇ ਦੌਰ ਵਿਚ ਕਵਿਤਾ ਰਾਜਬੰਸ ਨੇ 'ਰਾਜੀ ਬੱਸ ਚੜ੍ਹ ਗਈ', ਲਾਜਪਤ ਰਾਏ ਗਰਗ ਨੇ 'ਮਾਲ', ਗੁਰਪ੍ਰੀਤ ਕੌਰ ਲੁਧਿਆਣਾ ਨੇ 'ਬੀਬੀ ਦੀ ਕਾਪੀ', ਬੀਰ ਇੰਦਰ ਬਨਭੌਰੀ ਨੇ 'ਮੈਨੂੰ ਘਰ ਦਿਸਦੈ', ਪਰਮਜੀਤ ਕੌਰ ਸ਼ੇਖੂਪੁਰ ਕਲਾਂ ਨੇ 'ਚੰਡੀ ਰੂਪ', ਪਰਗਟ ਸਿੰਘ ਜੰਬਰ ਨੇ 'ਕਮਜ਼ੋਰ ਪ੍ਰਮਾਤਮਾ', ਸੰਦੀਪ ਸੋਖਲ ਬਾਦਸ਼ਾਹਪੁਰੀ ਨੇ 'ਦਾਣੇ-ਦਾਣੇ 'ਤੇ ਲਿਖਿਆ ਖਾਣੇ ਵਾਲੇ ਦਾ ਨਾਮ', ਮਹਿੰਦਰ ਪਾਲ ਬਰੇਟਾ ਨੇ 'ਜਾਗਾ', ਸੀਮਾ ਵਰਮਾ ਨੇ 'ਭਾਵਨਾਵਾਂ ਦੀ ਆਵਾਜ਼', ਕੁਲਵਿੰਦਰ ਕੌਸ਼ਲ ਨੇ 'ਨਿਰਵਾਣ', ਸੁਰਿੰਦਰਦੀਪ ਨੇ 'ਤੂੰ ਮੇਰੀ ਮਾਂ ਨਹੀਂ', ਡਾ. ਹਰਪ੍ਰੀਤ ਸਿੰਘ ਰਾਣਾ ਨੇ 'ਉਂਗਲ', ਊਸ਼ਾ ਦੀਪਤੀ ਨੇ 'ਹਮਦਰਦੀ', ਸੋਮਾ ਕਲਸੀਆਂ ਨੇ 'ਮੌਲਾ ਬਲਦ', ਦਰਸ਼ਨ ਸਿੰਘ ਬਰੇਟਾ ਨੇ 'ਬੱਸ ਹੁਣ ਹੋਰ ਨੀਂ', ਸੁਰਿੰਦਰ ਕੈਲੇ ਨੇ 'ਸੱਪ-ਸੱਪ', ਦਵਿੰਦਰ ਸਿੰਘ ਪਨੇਸਰ ਨੇ 'ਨੀਅਤ' ਤੇ ਅਵਤਾਰ ਕਮਾਲ ਨੇ 'ਇਤਬਾਰ' ਨਾਮੀ ਮਿੰਨੀ ਕਹਾਣੀਆਂ ਦਾ ਪਾਠ ਕੀਤਾ। ਪੜ੍ਹੀਆਂ ਗਈਆਂ ਰਚਨਾਵਾਂ ਵਿਸ਼ੇਸ਼ ਤੌਰ 'ਤੇ ਡਾ. ਦੀਪਤੀ, ਯੋਗਰਾਜ ਪ੍ਰਭਾਕਰ, ਸੁਰਿੰਦਰ ਕੈਲੇ, ਜਗਦੀਸ਼ ਰਾਏ ਕੁਲਰੀਆਂ ਤੇ ਡਾ. ਹਰਪ੍ਰੀਤ ਸਿੰਘ ਰਾਣਾ ਨੇ ਮੁੱਲਵਾਨ ਟਿੱਪਣੀਆਂ ਕਰਦੇ ਹੋਏ ਮਿੰਨੀ ਕਹਾਣੀ ਵਿਧਾ ਦੇ ਵਿਭਿੰਨ ਪਹਿਲੂਆਂ ਨੂੰ ਉਭਾਰਿਆ। ਓਂਕਾਰ ਸਿੰਘ ਨੇ ਲੇਖਕਾਂ ਦੇ ਦੋਗਲੇ ਕਿਰਦਾਰ 'ਤੇ ਵੀ ਉਂਗਲ ਧਰਦਿਆਂ ਕਿਹਾ ਕਿ ਉਹ ਖੁਦ ਆਪਣੀਆਂ ਲਿਖਤਾਂ ਦੇ ਹਾਣ ਨਹੀਂ। ਪੰਜਾਬ ਜਾਂ ਪੰਜਾਬੀ ਭਾਸ਼ਾ ਨਾਲ ਹੋ ਰਹੇ ਵਿਤਕਰੇ ਉਨ੍ਹਾਂ ਵੱਲੋਂ ਧਾਰਿਆ ਮੌਨ ਆਮ ਪਾਠਕ ਨੂੰ ਚੁਭਦਾ ਹੈ। ਉਨ੍ਹਾਂ ਲੇਖਕਾਂ ਨੂੰ ਪੰਜਾਬੀ ਮਾਂ-ਬੋਲੀ ਦੀ ਉਨਤੀ ਲਈ ਕਾਰਜ ਕਰਨ ਅਤੇ ਅਜਿਹੇ ਸਮਾਗਮ ਉਲੀਕਣ 'ਤੇ ਵਧਾਈ ਵੀ ਦਿੱਤੀ।

—ਜਗਦੀਸ਼ ਕੁਲਰੀਆਂ

ਕਵੀ ਦਰਬਾਰ ਅਤੇ ਪੁਰਸਕਾਰ ਸਮਾਰੋਹ ਅੱਜ

ਬਰਨਾਲਾ-ਲੇਖਕ-ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਵੱਲੋਂ ਸਾਲ 2023 ਲਈ ਮਾਤਾ ਸ੍ਰੀਮਤੀ ਮਨਜੀਤ ਕੌਰ ਅਤੇ ਪਿਤਾ ਸ. ਤਰਲੋਚਨ ਸਿੰਘ ਜੀ ਯਾਦਗਾਰੀ ਪਹਿਲਾ ਪਾਠਕ ਪੁਰਸਕਾਰ ਜਗਰਾਜ ਚੰਦ ਰਾਏਸਰ ਨੂੰ ਦੇਣ ਦਾ ਫ਼ੈਸਲਾ ਕੀਤਾ ਹੈ। ਸਭਾ ਦੇ ਜਨਰਲ ਸਕੱਤਰ ਡਾ. ਅਮਨਦੀਪ ਸਿੰਘ ਟੱਲੇਵਾਲੀਆ ਅਤੇ ਪ੍ਰੈੱਸ ਸਕੱਤਰ ਮਾਲਵਿੰਦਰ ਸ਼ਾਇਰ ਨੇ ਪ੍ਰੈੱਸ ਨੂੰ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਸਭਾ ਲੇਖਕਾਂ ਅਤੇ ਪਾਠਕਾਂ ਦੀ ਸਭਾ ਹੈ, ਇਸ ਲਈ ਇਸ ਸਾਲ ਸਭਾ ਵੱਲੋਂ ਬਣਾਈ ਚੋਣ ਕਮੇਟੀ ਦੀ ਸਿਫਾਰਸ਼ ਨੂੰ ਮੁੱਖ ਰੱਖਦੇ ਹੋਏ ਰਾਏਸਰ (ਬਰਨਾਲਾ) ਦੇ ਵਸਨੀਕ ਅਤੇ ਸੁਹਿਰਦ ਪਾਠਕ ਜਗਰਾਜ ਚੰਦ ਰਾਏਸਰ ਨੂੰ ਇਹ ਪੁਰਸਕਾਰ ਦੇਣ ਦਾ ਫ਼ੈਸਲਾ ਕੀਤਾ ਹੈ। ਚੰਡਿਹੋਕ ਪਰਵਾਰ ਵੱਲੋਂ ਜਗਰਾਜ ਚੰਦ ਰਾਏਸਰ ਨੂੰ ਇਹ ਪੁਰਸਕਾਰ 23 ਅਪ੍ਰੈਲ ਦਿਨ ਐਤਵਾਰ ਸਮਾਂ ਸਵੇਰੇ 9-30 ਵਜੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਬਰਨਾਲਾ ਵਿਖੇ ਭੇਟ ਕੀਤਾ ਜਾਵੇਗਾ, ਜਿਸ ਵਿੱਚ ਲੋਈ, ਸਨਮਾਨ ਪੱਤਰ, ਨਗਦ ਰਾਸ਼ੀ ਅਤੇ ਪੁਸਤਕਾਂ ਭੇਟ ਕੀਤੀਆਂ ਜਾਣਗੀਆਂ। ਇਸ ਪੁਰਸਕਾਰ ਤੋਂ ਪਹਿਲਾਂ ਪਿਛਲੇ ਸਾਲ ਪਹਿਲੇ ਲੇਖਕ ਚਰਨੀ ਬੇਦਿਲ ਦਾ ਸਨਮਾਨ ਕੀਤਾ ਗਿਆ ਸੀ।

ਇਸ ਤੋਂ ਇਲਾਵਾ ਰਾਮ ਸਰੂਪ ਸ਼ਰਮਾ ਵੱਲੋਂ ਅਨੁਵਾਦਿਤ ਪੁਸਤਕ 'ਪ੍ਰਸਿੱਧ ਪਾਕਿਸਤਾਨੀ ਗ਼ਜ਼ਲਾਂ ਅਤੇ ਗ਼ਜ਼ਲਗੋ' ਦਾ ਲੋਕ ਅਰਪਣ ਕਰਨ ਦੇ ਨਾਲ-ਨਾਲ ਕਵੀ ਦਰਬਾਰ ਵੀ ਕੀਤਾ ਜਾਵੇਗਾ। ਸਭਾ ਦੇ ਅਹੁਦੇਦਾਰਾਂ ਵੱਲੋਂ ਸਮੂਹ ਸਾਹਿਤਕ ਸਭਾਵਾਂ ਦੇ ਮੈਂਬਰਾਂ, ਲੇਖਕਾਂ, ਸਾਹਿਤਕਾਰਾਂ ਨੂੰ ਸਮੇਂ ਸਿਰ ਹਾਜ਼ਰ ਹੋਣ ਦੀ ਅਪੀਲ ਕੀਤੀ ਗਈ ਹੈ ਤਾਂ ਕਿ ਸਮਾਗਮ ਨੂੰ ਸਮੇਂ ਸਿਰ ਸ਼ੁਰੂ ਕਰਕੇ ਸਮੇਂ ਸਿਰ ਸਮਾਪਤ ਕੀਤਾ ਜਾ ਸਕੇ।

—ਤੇਜਿੰਦਰ ਚੰਡਿਹੋਕ

ਸਮਕਾਲ

ਆਪਣੀ ਆਵਾਜ਼ : ਅਪ੍ਰੈਲ 2023



ਇਸ ਮਾਸਿਕ ਪੱਤਰ ਦੇ ਸੱਜਰੇ ਅੰਕ ਦੀ ਸੰਪਾਦਕੀ ਵਿੱਚ ਸੰਪਾਦਕ ਵੱਲੋਂ ਉਦਾਹਰਣ ਦੇਣ ਅਤੇ ਉਦਾਹਰਣ ਬਣਨ ਦੇ ਅੰਤਰ ਨੂੰ ਅਤੇ ਇਸ ਦੇ ਮਹੱਤਵ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ। ਪਰਮਜੀਤ ਢੀਂਗਰਾ ਦੇ ਲੇਖ 'ਚ ਔਰਤਾਂ ਦੇ ਅਧਿਕਾਰ ਬਾਰੇ ਮਹੱਤਵਪੂਰਨ ਗੱਲਾਂ ਕੀਤੀਆਂ ਗਈਆਂ ਹਨ। ਕਾਵਿ ਵੰਨਗੀਆਂ ਦੀ ਸ਼ੁਰੂਆਤ ਸੁਖਵਿੰਦਰ ਅੰਮ੍ਰਿਤ ਦੀ ਗਜ਼ਲ ਅਤੇ ਗੁਰਭਜਨ ਗਿੱਲ ਦੀ ਨਜ਼ਮ ਨਾਲ ਹੁੰਦੀ ਹੈ। ਇਸ ਵਿੱਚ ਜਸਪ੍ਰੀਤ ਫਲਕ, ਤ੍ਰੈਲੋਚਨ ਲੋਚੀ, ਜੋਤੀ ਜੌਹਲ ਬੈਂਸ, ਅਵਤਾਰ ਲੰਗੇਰੀ ਅਤੇ ਹੋਰ ਕਵੀ ਵੀ ਸ਼ਾਮਲ ਹਨ। ਅੰਬੇਡਕਰ ਬਨਾਮ ਕਮਿਊਨਿਜ਼ਮ ਵਿੱਚ ਸਤਨਾਮ ਚਾਨਾ ਨੇ ਮਹੱਤਵਪੂਰਨ ਮਸਲੇ ਉਠਾਏ ਹਨ। ਸੁਰਿੰਦਰ ਗੀਤ ਦੀ ਕਹਾਣੀ 'ਮੈਂ ਚੰਗੀ ਮਾਂ ਹਾਂ' ਵੀ ਹੈ। ਮਿੰਨੀ ਕਹਾਣੀਆਂ ਵਿੱਚ ਜਸਪ੍ਰੀਤ ਕੌਰ ਸੰਘਾ, ਸ਼ਿਆਮ ਸੁੰਦਰ ਅੱਗਰਵਾਲ, ਦਰਸ਼ਨ ਮਿਤਵਾ, ਜਸਬੀਰ ਢੰਡ, ਕੁਲਵਿੰਦਰ ਕੌਸ਼ਲ ਦੀ ਜ਼ਿਕਰਯੋਗ ਹਾਜ਼ਰੀ ਹੈ। ਸਤੀਸ਼ ਕੁਮਾਰ ਵਰਮਾ ਵੱਲੋਂ ਸ਼ੁਰੂ ਕੀਤਾ ਗਿਆ ਕਾਲਮ 'ਨੈਨੋ ਤੋਂ ਵੀ ਨਿੱਕੇ ਨਾਟਕ' ਵਿੱਚ ਇਸ ਵਾਰ ਵੀ 30 ਲਘੂ ਰਚਨਾ

23-APRIL-PAGE-1.qxd 4/22/2023 9:17 PM Page 1

ਐਤਵਾਰ, 23 ਅਪ੍ਰੈਲ, 2023
10 ਵਿਸਾਖ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 322

ਨਵਾਂ ਜ਼ਮਾਨਾ

DAILY NAWAN ZAMANA • SUNDAY, 23 APRIL, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
You Tube nawan zamana TV

ਮਲਿਕ ਸਮੇਤ ਕਿਸਾਨ ਤੇ ਖਾਪ ਪੰਚਾਇਤਾਂ ਦੇ ਨੇਤਾ ਹਿਰਾਸਤ 'ਚ

ਪੁਲਸ ਨੇ ਕੀਤਾ ਇਨਕਾਰ

ਨਵੀਂ ਦਿੱਲੀ : ਇਥੇ 50-60 ਕਿਸਾਨ ਯੂਨੀਅਨ ਦੇ ਆਗੂਆਂ ਅਤੇ ਖਾਪ ਪੰਚਾਇਤ ਦੇ ਨੁਮਾਇੰਦਿਆਂ ਸਣੇ ਸਾਬਕਾ ਰਾਜਪਾਲ ਸਤਿਆਪਾਲ ਮਲਿਕ ਨੂੰ ਉਦੋਂ ਹਿਰਾਸਤ 'ਚ ਲੈ ਲਿਆ ਜਦੋਂ ਉਹ ਮਲਿਕ ਨਾਲ ਇਕਜੁੱਟਤਾ ਦਿਖਾਉਣ ਲਈ ਸੋਮ ਵਿਹਾਰ ਆਰ ਕੇ ਪੁਰਮ ਦੇ ਗੇਟ ਨੰਬਰ 2 ਕੋਲੋਂ ਇਕੱਠ ਕਰ ਰਹੇ ਸਨ। ਸੰਯੁਕਤ ਕਿਸਾਨ ਮੋਰਚੇ ਵੱਲੋਂ ਇਸ ਪੁਲਸ ਕਾਰਵਾਈ ਦੀ ਸਖਤ ਨਿੰਦਾ ਕੀਤੀ ਗਈ ਹੈ। ਕਿਸਾਨ ਆਗੂ ਜਗਮੋਹਨ ਸਿੰਘ, ਗੁਰਮੀਤ ਸਿੰਘ ਮਹਿਮਾ, ਰਮਿੰਦਰ ਸਿੰਘ ਪਟਿਆਲਾ ਨੇ ਦੱਸਿਆ ਕਿ ਪੁਲਸ ਹਿਰਾਸਤ 'ਚ ਲਏ ਨੇਤਾਵਾਂ ਨੂੰ ਪੀਤਮਪੁਰਾ ਤੇ ਵਸੰਤਕੁੰਜ ਥਾਣਿਆਂ ਵਿੱਚ ਲੈ ਗਈ। ਇਸੇ ਦੌਰਾਨ ਦਿੱਲੀ ਪੁਲਸ ਨੇ ਕਿਹਾ ਕਿ ਸਤਿਆਪਾਲ ਨੂੰ ਹਿਰਾਸਤ 'ਚ ਨਹੀਂ ਸੀ ਲਿਆ, ਉਹ ਖੁਦ ਹੀ ਚੱਲ ਕੇ ਥਾਣੇ ਆਏ ਸਨ। ਇਹ ਇਕੱਠ ਸਾਬਕਾ ਰਾਜਪਾਲ ਸੱਤਿਆਪਾਲ ਮਲਿਕ ਨਾਲ ਇਕਜੁੱਟਤਾ ਦਿਖਾਉਣ ਲਈ ਕੀਤਾ ਗਿਆ ਸੀ ਜਿਨ੍ਹਾਂ ਪਿੱਛੇ ਵੀ ਸਰਕਾਰੀ ਏਜੰਸੀਆਂ ਲਾਏ ਜਾਣ ਦੇ ਦੋਸ਼ ਕਿਸਾਨ ਆਗੂ ਲਗਾ ਰਹੇ ਹਨ। ਕਿਸਾਨ ਆਗੂਆਂ

ਮੁਤਾਬਕ ਪੁਲਸ ਨੇ ਇਕੱਠ ਨੂੰ ਇਸ ਲਈ ਰੋਕ ਦਿੱਤਾ ਕਿ ਇਸ ਦੀ ਮਨਜੂਰੀ ਨਹੀਂ ਸੀ ਲਈ ਗਈ। ਹਰਿਆਣਾ ਦੇ ਜੀਂਦ ਜ਼ਿਲ੍ਹੇ ਤੋਂ ਆਏ ਨੌਗਾਮਾ ਖਾਪ ਦੇ ਪ੍ਰਧਾਨ ਦਲਬੀਰ ਸਿੰਘ ਬੀਬੀਪੁਰ ਨੇ ਦੱਸਿਆ, ਕੇਂਦਰ ਸਰਕਾਰ ਜਾਣਬੁੱਝ ਕੇ ਮਲਿਕ ਨੂੰ ਪ੍ਰੇਸ਼ਾਨ ਕਰ ਰਹੀ ਹੈ। ਮਲਿਕ ਨੇ ਪੁਲਵਾਮਾ ਹਮਲੇ ਨੂੰ ਲੈ ਜੋ ਖੁਲਾਸੇ ਕੀਤੇ ਹਨ, ਉਸ ਤੋਂ ਕੇਂਦਰ ਸਰਕਾਰ ਪ੍ਰੇਸ਼ਾਨ ਹੋ ਗਈ ਹੈ। ਸੀ ਆਰ ਪੀ ਐਫ ਦੇ 40 ਜਵਾਨਾਂ ਦੇ ਬਲੀਦਾਨ ਦੀ ਸੱਚਾਈ ਨੂੰ ਦੇਸ਼ ਜਾਨਣਾ ਚਾਹੁੰਦਾ ਹੈ। ਖਾਪ ਨੇ ਕਿਹਾ ਮਲਿਕ ਨੇ ਰਾਜਪਾਲ ਦੇ ਅਹੁਦੇ 'ਤੇ ਰਹਿੰਦੇ ਹੋਏ ਕਿਸਾਨਾਂ ਦੇ ਸਮਰਥਨ 'ਚ ਆਵਾਜ਼ ਬੁਲੰਦ ਕੀਤੀ ਸੀ।

ਉਸ ਤੋਂ ਬਾਅਦ ਉਹ ਲਗਾਤਾਰ ਕਿਸਾਨਾਂ ਦੇ ਹੱਕ 'ਚ ਬੋਲਦੇ ਰਹੇ। ਇਹ ਗੱਲਾਂ ਕੇਂਦਰ ਸਰਕਾਰ ਅਤੇ ਭਾਜਪਾ ਨੂੰ ਰਾਸ ਨਹੀਂ ਆ ਰਹੀਆਂ। ਕੇਂਦਰ ਸਰਕਾਰ, ਆਪਣੇ ਵਿਰੋਧੀ ਨੇਤਾਵਾਂ ਦੇ ਪਿੱਛੇ ਈ ਡੀ ਅਤੇ ਸੀ ਬੀ ਨੂੰ ਲਾ ਦਿੰਦੀ ਹੈ। ਹੁਣ ਉਹੀ ਕੰਮ ਮਲਿਕ ਦੇ ਨਾਲ ਹੋ ਰਿਹਾ ਹੈ। ਕਿਸਾਨ ਵਰਗ, ਮਲਿਕ ਦੇ ਨਾਲ ਮੋਢੇ ਨਾਲ ਮੋਢਾ ਜੋੜ ਖੜਾ ਹੈ।

ਸਰਕਾਰ ਨੇ ਮਲਿਕ ਨੂੰ ਲੈ ਕੇ ਕੋਈ ਵੀ ਗਲਤ ਕਦਮ ਚੁੱਕਿਆ ਤਾਂ ਦੇਸ਼ ਭਰ 'ਚ ਕਿਸਾਨ, ਕੇਂਦਰ ਖਿਲਾਫ ਅੰਦੋਲਨ ਕਰਨ ਤੋਂ ਪਿੱਛੇ ਨਹੀਂ ਹਟਣਗੇ।

ਜੱਗੂ ਭਗਵਾਨਪੁਰੀਆ ਦੇ 2 ਸਾਥੀ ਹਥਿਆਰਾਂ ਸਮੇਤ ਕਾਬੂ

ਰੂਪਨਗਰ : ਰੂਪਨਗਰ ਪੁਲਸ ਨੇ ਅਪਰਾਧਿਕ ਪਿਛੋਕੜ ਵਾਲ਼ੇ ਗੈਰ ਸਮਾਜਿਕ ਅਨਸਰਾਂ ਵਿਰੁੱਧ ਚਲਾਈ ਮੁਹਿੰਮ ਤਹਿਤ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਸਾਥੀ ਸੰਦੀਪ ਕੁਮਾਰ ਉਰਫ ਰਵੀ ਬਲਾਚੌਰੀਆ ਅਤੇ ਇਸ ਗੈਂਗ ਦੇ ਹੀ ਇੱਕ ਗੁਰਗੇ ਰੋਹਿਤ ਨੂੰ ਗ੍ਰਿਫਤਾਰ ਕਰਕੇ ਇਨ੍ਹਾਂ ਪਾਸੋਂ 6 ਪਿਸਟਲ .32 ਬੋਰ ਅਤੇ 25 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ। ਇਸ ਸੰਬੰਧੀ ਪ੍ਰੈੱਸ ਕਾਨਫਰੰਸ ਰਾਹੀਂ ਜਾਣਕਾਰੀ ਦਿੰਦਿਆਂ ਐੱਸ ਐੱਸ ਪੀ ਰੂਪਨਗਰ ਵਿਵੇਕ ਐੱਸ ਸੋਨੀ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਗੈਰ ਸਮਾਜੀ ਅਨਸਰਾਂ, ਗੈਂਗਸਟਰਾਂ ਖਿਲਾਫ ਛੇੜੀ ਗਈ ਮੁਹਿੰਮ ਤਹਿਤ ਪੀ ਪੀ ਐਸ, ਕਪਤਾਨ ਪੁਲਸ (ਡਿਟੈਕਟਿਵ) ਮਨਵਿੰਦਰ ਬੀਰ ਸਿੰਘ ਅਤੇ ਪੀ.ਪੀ.ਐੱਸ. ਉਪ ਕਪਤਾਨ ਪੁਲਸ (ਡਿਟੈਕਟਿਵ) ਤਲਵਿੰਦਰ ਸਿੰਘ ਗਿੱਲ ਰੂਪਨਗਰ ਦੀ ਅਗਵਾਈ ਹੇਠ ਸੀ ਆਈ ਏ ਇੰਚਾਰਜ ਸਤਨਾਮ ਸਿੰਘ ਦੀ ਟੀਮ ਨੂੰ ਉਸ ਸਮੇਂ ਬਹੁਤ ਵੱਡੀ ਕਾਮਯਾਬੀ ਹਾਸਲ ਹੋਈ, ਜਦੋਂ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਅਤਿ ਨਜ਼ਦੀਕੀ

ਸਾਥੀ ਗੈਂਗਸਟਰ ਸੰਦੀਪ ਕੁਮਾਰ ਦੇ ਰਵੀ ਬਲਾਚੌਰੀਆ ਅਤੇ ਇਸੇ ਗੈਂਗ ਦੇ ਹੀ ਇੱਕ ਹੋਰ ਸਾਥੀ ਰੋਹਿਤ ਨੂੰ ਗ੍ਰਿਫਤਾਰ ਕਰਕੇ ਇਹਨਾ ਪਾਸੋਂ 06 ਮਾਰੂ ਹਥਿਆਰ ਪਿਸਟਲ .32 ਬੋਰ ਸਮੇਤ 25 ਰੌਂਦ ਜ਼ਿੰਦਾ ਬਰਾਮਦ ਕੀਤੇ ਗਏ ਹਨ।ਐੱਸ ਐੱਸ ਪੀ ਰੂਪਨਗਰ ਨੇ ਦੱਸਿਆ ਕਿ 17 ਫਰਵਰੀ 2023 ਨੂੰ ਰੂਪਨਗਰ ਪੁਲਸ ਨੂੰ ਕਾਫੀ ਅਹਿਮ ਸਫਲਤਾ ਹਾਸਲ ਹੋਈ ਸੀ, ਜਿਸ ਵਿਚ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਗੁਰਗੇ ਵਿਸ਼ਾਲ ਵਰਮਾ ਤੋਂ ਸਕੀਮ ਨੰਬਰ 2 ਇੰਪਰੂਵਮੈਂਟ ਟਰੱਸਟ ਨੇੜੇ ਦਾਣਾ ਮੰਡੀ ਫਗਵਾੜਾ ਰੋਡ, ਮਾਡਲ ਟਾਊਨ ਹੁਸ਼ਿਆਰਪੁਰ ਨੂੰ 9 ਮਾਰੂ ਹਥਿਆਰਾਂ ਅਤੇ 20 ਜ਼ਿੰਦਾ ਕਾਰਤੂਸ ਸਮੇਤ ਕਾਬੂ ਕੀਤਾ ਗਿਆ ਸੀ, ਜਿਸ ਦੀ ਤਫਤੀਸ਼ ਦੌਰਾਨ ਪਿਛਲੀਆਂ ਗਤੀਵਿਧੀਆਂ ਨੂੰ ਟਰੈਕ ਕਰਦੇ ਹੋਏ ਇੰਸਪੈਕਟਰ ਸਤਨਾਮ ਸਿੰਘ ਦੀ ਟੀਮ ਨੇ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਅਤਿ ਨਜ਼ਦੀਕੀ ਸਾਥੀ ਗੈਂਗਸਟਰ ਸੰਦੀਪ ਕੁਮਾਰ ਉਰਫ ਰਵੀ ਬਲਾਚੌਰੀਆ ਨੂੰ ਮੁਕੱਦਮੇ 'ਚ ਬਤੌਰ ਦੋਸ਼ੀ ਨਾਮਜ਼ਦ ਕਰਕੇ ਅੰਮ੍ਰਿਤਸਰ ਜੇਲ੍ਹ ਵਿੱਚੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਪੁੱਛਗਿੱਛ ਉਪਰੰਤ ਖਤਰਨਾਕ ਗੈਂਗਸਟਰ ਸੰਦੀਪ ਉਰਫ ਰਵੀ ਬਲਾਚੌਰੀਆ ਪਾਸੋਂ 05 ਮਾਰੂ ਹਥਿਆਰ ਪਿਸਟਲ .32 ਬੋਰ ਸਮੇਤ 22 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ। ਇਸ ਤੋਂ ਇਲਾਵਾ ਸੰਦੀਪ ਉਰਫ ਰਵੀ ਬਲਾਚੌਰੀਆ ਗਰੁੱਪ ਦੇ ਹੀ ਇੱਕ ਹੋਰ ਗੁਰਗੇ ਰੋਹਿਤ ਵਾਸੀ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ 1 ਪਿਸਟਲ.32 ਬੋਰ ਸਮੇਤ 03 ਜ਼ਿੰਦਾ ਕਾਰਤੂਸ ਬਰਾਮਦ ਹੋਇਆ ਹੈ। ਉਨ੍ਹਾਂ ਕਿਹਾ ਕਿ ਗ੍ਰਿਫਤਾਰ ਕੀਤੇ ਗਏ ਦੋਸ਼ੀਆਂ ਨੂੰ ਮਾਣਯੋਗ ਅਦਾਲਤ 'ਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ, ਜਿਨ੍ਹਾਂ ਪਾਸੋਂ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਵੀ ਅਹਿਮ ਖੁਲਾਸੇ ਹੋਣ ਦੀ ਆਸ ਹੈ।

ਜਾਨ ਦੇ ਦਿਆਂਗੀ, ਪਰ ਦੇਸ਼ 'ਚ ਵੰਡੀਆਂ ਨਹੀਂ ਪੈਣ ਦਿਆਂਗੀ : ਮਮਤਾ

ਕੋਲਕਾਤਾ : ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸ਼ਨੀਵਾਰ ਨੂੰ ਦਾਅਵਾ ਕੀਤਾ ਕਿ ਕੁਝ ਲੋਕ ਨਫਰਤ ਦੀ ਰਾਜਨੀਤੀ ਕਰਕੇ ਦੇਸ਼ ਨੂੰ ਵੰਡਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਕਿਹਾ ਕਿ ਉਹ ਆਪਣੀ ਜਾਨ ਦੇਣ ਲਈ ਤਿਆਰ ਹਨ, ਪਰ ਦੇਸ਼ ਨੂੰ ਵੰਡ ਨਹੀਂ ਹੋਣ ਦੇਣਗੇ। ਬੈਨਰਜੀ ਨੇ ਸ਼ਹਿਰ ਦੇ ਰੈੱਡ ਰੋਡ 'ਤੇ ਈਦ ਦੀ ਨਮਾਜ਼ ਲਈ ਇਕੱਠੇ ਹੋਏ ਲੋਕਾਂ ਨਾਲ ਗੱਲ ਕਰਦੇ ਹੋਏ ਉਨ੍ਹਾਂ ਨੂੰ ਇੱਕਜੁੱਟ ਹੋਣ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੀ ਹਾਰ ਯਕੀਨੀ ਬਣਾਉਣ ਦੀ ਅਪੀਲ ਕੀਤੀ।

ਅਨੋਖਾ ਵਿਆਹ : ਹਸਪਤਾਲ 'ਚ ਹੋਏ ਫੇਰੇ

ਜੰਜਗੀਰ ਚੰਪਾ : ਛੱਤੀਸਗੜ੍ਹ 'ਚ ਇਕ ਅਨੋਖਾ ਵਿਆਹ ਸੁਰਖੀਆਂ 'ਚ ਹੈ, ਜਿੱਥੇ ਲਾੜੀ ਬਿਮਾਰ ਹੋ ਗਈ ਅਤੇ ਲਾੜਾ ਬਰਾਤ ਲੈ ਕੇ ਹਸਪਤਾਲ ਪਹੁੰਚਿਆ ਅਤੇ ਉੱਥੇ ਡਾਕਟਰਾਂ ਅਤੇ ਮਰੀਜ਼ਾਂ ਵਿਚਕਾਰ ਫੇਰੇ ਲਏ। ਦਰਅਸਲ, ਇਹ ਅਨੋਖਾ ਵਿਆਹ ਜੰਜਗੀਰ-ਚੰਪਾ ਜ਼ਿਲ੍ਹੇ ਦਾ ਹੈ। ਸੰਗੀਤਕ ਸਾਜ਼ਾਂ ਨਾਲ ਬਰਾਤ ਜਦੋਂ ਇੱਥੋਂ ਦੇ ਇੱਕ ਨਿੱਜੀ ਹਸਪਤਾਲ ਵਿੱਚ ਪਹੁੰਚੀ ਤਾਂ ਲੋਕ ਹੈਰਾਨ ਰਹਿ ਗਏ। ਬਰਾਤ ਸਮੇਂ 'ਤੇ ਪਹੁੰਚ ਗਈ ਅਤੇ ਹਸਪਤਾਲ 'ਚ ਦਾਖਲ ਲੜਕੀ ਦਾ ਵਿਆਹ ਵੀ ਹੋਇਆ। ਲੜਕੀ ਨੂੰ ਘਰ ਦੀ ਬਜਾਏ ਹਸਪਤਾਲ ਤੋਂ ਵਿਦਾਈ ਦਿੱਤੀ ਗਈ। ਹਸਪਤਾਲ ਦੇ ਸਟਾਫ ਨੇ ਵੀ ਇਸ ਵਿਆਹ ਨੂੰ ਦੇਖਿਆ। ਆਮ ਤੌਰ 'ਤੇ ਵਿਆਹ ਮੰਗਲ ਭਵਨ ਜਾਂ ਮੈਰਿਜ ਹਾਲ 'ਚ ਹੁੰਦੇ ਹਨ, ਪਰ ਇਹ ਬਰਾਤ ਸੰਗੀਤਕ ਸਾਜ਼ਾਂ ਨਾਲ ਸ੍ਰੀ ਨਰਸਿੰਗ ਹੋਮ ਪਹੁੰਚੀ ਅਤੇ ਵਿਆਹ ਹਸਪਤਾਲ ਦੇ ਵਿਹੜੇ 'ਚ ਹੀ ਹੋਇਆ।

ਖੁੱਲ੍ਹ ਗਏ ਗੰਗੋਤਰੀ, ਯਮੁਨੋਤਰੀ ਦੇ ਕਪਾਟ

ਦੇਹਰਾਦੂਨ : ਸ਼ਨੀਵਾਰ ਨੂੰ ਗੰਗੋਤਰੀ, ਯਮੁਨੋਤਰੀ ਦੇ ਕਪਾਟ ਸ਼ਰਧਾਲੂਆਂ ਦੇ ਦਰਸ਼ਨਾਂ ਲਈ ਖੋਲ੍ਹ ਦਿੱਤੇ ਗਏ। ਗੰਗੋਤਰੀ ਦੇ ਕਪਾਟ ਸ਼ਨੀਵਾਰ 12.35 ਮਿੰਟ 'ਤੇ, ਜਦ ਕਿ ਯਮੁਨੋਤਰੀ ਦੇ ਕਪਾਟ 12.41 ਮਿੰਟ 'ਤੇ ਖੁੱਲ੍ਹੇ। ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਵੀ ਇਸ ਮੌਕੇ ਧਾਮ ਪਹੁੰਚੇ ਅਤੇ ਗੰਗਾ ਪੂਜਨ ਕੀਤਾ। ਯਮੁਨੋਤਰੀ ਅਤੇ ਗੰਗੋਤਰੀ ਧਾਮ ਦੇ ਕਪਾਟ ਖੁੱਲ੍ਹਣ ਦੇ ਨਾਲ ਹੀ ਉਤਰਾਖੰਡ ਦੀ ਚਾਰਧਾਮ ਯਾਤਰਾ ਦਾ ਸ਼ੁੱਭ ਆਰੰਭ ਹੋ ਚੁੱਕਾ ਹੈ। 25 ਅਪ੍ਰੈਲ ਨੂੰ ਕੇਦਾਰਨਾਥ ਅਤੇ 27 ਅਪ੍ਰੈਲ ਨੂੰ ਬਦਰੀਨਾਥ ਦੇ ਕਪਾਟ ਖੁੱਲ੍ਹਣਗੇ।

ਪੰਜਾਬ ਗੁਰੂਆਂ ਤੇ ਸ਼ਹੀਦਾਂ ਦੀ ਧਰਤੀ, ਇੱਥੇ ਨਫਰਤ ਦੇ ਬੀਜ ਨਹੀਂ ਉੱਗ ਸਕਦੇ : ਮਾਨ

ਜਲੰਧਰ (ਸ਼ੈਲੀ, ਉੱਭੀ, ਸੁਰਿੰਦਰ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਮੂਹ ਪੰਜਾਬੀਆਂ ਅਤੇ ਦੇਸ਼ ਵਾਸੀਆਂ ਨੂੰ ਈਦ ਦੀ ਵਧਾਈ ਦਿੱਤੀ ਹੈ। ਸ਼ਨੀਵਾਰ ਨੂੰ ਈਦ ਦੇ ਮੌਕੇ 'ਤੇ ਮੁੱਖ ਮੰਤਰੀ ਮਾਨ ਨੇ ਜਲੰਧਰ ਦੀ ਮੁੱਖ ਦਰਗਾਹ, ਈਦਗਾਹ 'ਤੇ ਪਹੁੰਚ ਕੇ ਸਿਜਦਾ ਕੀਤਾ ਅਤੇ ਪੰਜਾਬ ਦੀ ਸੁੱਖ-ਸ਼ਾਂਤੀ ਅਤੇ ਖੁਸ਼ਹਾਲੀ ਲਈ ਦੁਆ ਮੰਗੀ। ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਮਾਨ ਨੇ ਕਿਹਾ ਕਿ ਮੈਂ ਤੁਹਾਡੇ ਵਿਚਕਾਰ ਆ ਕੇ ਬਹੁਤ ਮਾਣ ਮਹਿਸੂਸ ਕਰ ਰਿਹਾ ਹਾਂ। ਪੰਜਾਬ ਦੀ ਏਕਤਾ ਅਤੇ ਭਾਈਚਾਰਾ ਇੰਝ ਹੀ ਬਣਿਆ ਰਹੇ, ਰੱਬ ਅੱਗੇ ਇਹੋ ਅਰਦਾਸ ਹੈ। ਮਾਨ ਨੇ ਕਿਹਾ ਕਿ ਪੰਜਾਬ ਗੁਰੂਆਂ ਅਤੇ ਸ਼ਹੀਦਾਂ ਦੀ ਧਰਤੀ ਹੈ। ਸਾਡੇ ਗੁਰੂਆਂ ਨੇ ਸਾਨੂੰ ਆਪਸੀ ਪਿਆਰ ਅਤੇ ਭਾਈਚਾਰਾ ਕਾਇਮ ਰੱਖਣ ਅਤੇ ਸੱਚ ਦਾ ਸਾਥ ਦੇਣਾ ਸਿਖਾਇਆ ਹੈ।

● ਬਾਕੀ ਸਫ਼ਾ 10 'ਤੇ

ਅਮਰੀਕਾ ਇਸ ਸਾਲ 10 ਲੱਖ ਤੋਂ ਵੱਧ ਭਾਰਤੀਆਂ ਨੂੰ ਜਾਰੀ ਕਰੇਗਾ ਵੀਜ਼ੇ

ਵਾਸ਼ਿੰਗਟਨ : ਅਮਰੀਕਾ ਦੇ ਉੱਚ ਅਧਿਕਾਰੀ ਨੇ ਕਿਹਾ ਹੈ ਕਿ ਅਮਰੀਕਾ ਇਸ ਸਾਲ ਭਾਰਤੀਆਂ ਨੂੰ 10 ਲੱਖ ਤੋਂ ਵੱਧ ਵੀਜ਼ੇ ਜਾਰੀ ਕਰਨ ਦੇ ਰਾਹ 'ਤੇ ਹੈ। ਦੱਖਣੀ ਅਤੇ ਮੱਧ ਏਸ਼ੀਆ ਲਈ ਅਮਰੀਕਾ ਦੇ ਸਹਾਇਕ ਵਿਦੇਸ਼ ਮੰਤਰੀ ਡੋਨਾਲਡ ਲੂ ਨੇ ਵੀ ਇਸ ਹਫਤੇ ਪ੍ਰੈੱਸ ਟਰੱਸਟ ਆਫ ਇੰਡੀਆ ਨੂੰ ਦਿੱਤੇ ਇੰਟਰਵਿਊ 'ਚ ਕਿਹਾ ਕਿ ਉਹ ਵਰਕ ਵੀਜ਼ਾ ਨੂੰ ਵੀ ਤਰਜੀਹ ਦੇ ਰਹੇ ਹਨ। ਇਸ ਵਿੱਚ ਐੱਚ-1ਬੀ ਅਤੇ ਐੱਲ ਵੀਜ਼ਾ ਵੀ ਸ਼ਾਮਲ ਹਨ, ਜਿਨ੍ਹਾਂ ਦੀ ਭਾਰਤ 'ਚ ਆਈ ਟੀ ਪੇਸ਼ੇਵਰਾਂ ਦੁਆਰਾ ਸਭ ਤੋਂ ਵੱਧ ਮੰਗ ਕੀਤੀ ਜਾਂਦੀ ਹੈ। ਐੱਚ-1ਬੀ ਵੀਜ਼ਾ ਇੱਕ ਗੈਰ-ਪ੍ਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਵਿਸ਼ੇਸ਼ ਪੇਸ਼ਿਆਂ 'ਚ ਵਿਦੇਸ਼ੀ ਕਰਮਚਾਰੀਆਂ ਨੂੰ ਨੌਕਰੀ ਦੇਣ ਦੀ ਇਜਾਜ਼ਤ ਦਿੰਦਾ ਹੈ। ਇਸ ਲਈ ਸਿਧਾਂਤਕ ਜਾਂ ਤਕਨੀਕੀ ਮੁਹਾਰਤ ਦੀ ਲੋੜ ਹੁੰਦੀ ਹੈ। ਤਕਨਾਲੋਜੀ ਕੰਪਨੀਆਂ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਤੋਂ ਹਰ ਸਾਲ ਹਜ਼ਾਰਾਂ ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖਣ ਲਈ ਇਸ 'ਤੇ ਨਿਰਭਰ ਕਰਦੀਆਂ ਹਨ। ਲੂ ਨੇ ਕਿਹਾ, "ਅਸੀਂ ਇਸ ਸਾਲ 10 ਲੱਖ ਤੋਂ ਵੱਧ ਵੀਜ਼ੇ ਜਾਰੀ ਕਰਨ ਦੇ ਰਾਹ 'ਤੇ ਹਾਂ।" ਇਹ ਸਾਡੇ ਲਈ ਰਿਕਾਰਡ ਨੰਬਰ ਹੈ।

ਤਰਨ ਤਾਰਨ 'ਚ 4 ਕਿੱਲੋ ਹੈਰੋਇਨ ਫੜੀ, ਤਸਕਰ ਫਰਾਰ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਪੰਜਾਬ ਪੁਲਸ ਦੇ ਕਾਊਂਟਰ ਇੰਟੈਲੀਜੈਂਸ (ਸੀ ਆਈ) ਵਿੰਗ ਨੇ ਤਰਨ ਤਾਰਨ ਇਲਾਕੇ ਦੇ ਹਰੀਕੇ ਤੋਂ 4 ਕਿਲੋ ਹੈਰੋਇਨ ਬਰਾਮਦ ਕੀਤੀ ਹੈ, ਜਦੋਂਕਿ ਦੋ ਤਸਕਰ ਪੁਲਸ ਨਾਲ ਹੱਥੋਪਾਈ ਤੋਂ ਬਾਅਦ ਮੌਕੇ ਤੋਂ ਫਰਾਰ ਹੋਣ 'ਚ ਕਾਮਯਾਬ ਹੋ ਗਏ। ਇਸ ਦੌਰਾਨ ਹੱਥੋਪਾਈ ਦੌਰਾਨ ਹੈਰੋਇਨ ਨਾਲ ਭਰਿਆ ਬੈਗ ਹੇਠਾਂ ਡਿੱਗ ਗਿਆ, ਜਦਕਿ ਮੁਲਜ਼ਮ ਕਾਰ ਵਿੱਚ ਸਵਾਰ ਸਾਥੀ ਸਮੇਤ ਫਰਾਰ ਹੋਣ 'ਚ ਕਾਮਯਾਬ ਹੋ ਗਿਆ। ਪੁਲਸ ਦੀ ਗ੍ਰਿਫਤ ਤੋਂ ਫਰਾਰ ਹੋਏ ਤਸਕਰਾਂ ਦੀ ਪਹਿਚਾਣ ਸੁਨੀਲ ਕੁਮਾਰ ਉਰਫ ਕਾਲੂ ਅਤੇ ਕਾਲੀ ਵਾਸੀ ਮੋਗਾ ਦੇ ਧਰਮਕੋਟ ਥਾਣਾ ਖੇਤਰ ਅਧੀਨ ਪੈਂਦੇ ਸੈਦਜਲਪੁਰਾ ਵਜੋਂ ਹੋਈ ਹੈ। ਦੋਵਾਂ ਖਿਲਾਫ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐੱਸ ਐੱਸ ਓ ਸੀ) 'ਚ ਕੇਸ ਦਰਜ ਕੀਤਾ ਗਿਆ ਹੈ, ਜਿਸ ਤੋਂ ਬਾਅਦ ਪੁਲਸ

● ਬਾਕੀ ਸਫ਼ਾ 10 'ਤੇ

ਮੋਦੀ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੋਮਵਾਰ ਨੂੰ ਕੇਰਲ ਦੌਰੇ 'ਤੇ ਜਾ ਰਹੇ ਹਨ। ਪਹਿਲਾਂ ਮਿਲੇ ਇੱਕ ਪੱਤਰ ਤੋਂ ਬਾਅਦ ਪੁਲਸ ਅਤੇ ਸੁਰੱਖਿਆ ਏਜੰਸੀਆਂ ਵਿੱਚ ਹੜਕੰਪ ਮਚ ਗਿਆ ਹੈ। ਚਿੱਠੀ 'ਚ ਪੀ ਐੱਮ ਮੋਦੀ ਨੂੰ ਆਤਮਘਾਤੀ ਬੰਬ ਨਾਲ ਮਾਰਨ ਦੀ ਧਮਕੀ ਦਿੱਤੀ ਗਈ ਸੀ। ਕੋਚੀ ਦੇ ਕਿਸੇ ਵਿਅਕਤੀ ਦੁਆਰਾ ਕਥਿਤ ਤੌਰ 'ਤੇ ਮਲਿਆਲਮ ਵਿੱਚ ਲਿਖਿਆ ਗਿਆ ਇੱਕ ਪੱਤਰ ਭਾਜਪਾ ਦੇ ਪ੍ਰਦੇਸ਼ ਪ੍ਰਧਾਨ ਕੇ

page-6-23-(APRIL)-2023-G-(BV).qxd 4/22/2023 9:27 PM Page 1

ਕਣਕ ਦੀ ਲਿਫਟਿੰਗ ਨਾ ਹੋਣ ਕਾਰਨ ਆੜ੍ਹਤੀਏ ਡਾਢੇ ਪ੍ਰੇਸ਼ਾਨ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਜ਼ਿਲ੍ਹਾ ਤਰਨ ਤਾਰਨ ਅਧੀਨ ਆਉਂਦੀ ਦਿਆਲਪੁਰਾ ਦਾਣਾ ਮੰਡੀ 'ਚੋਂ ਕਣਕ ਦੀ ਲਿਫਟਿੰਗ ਨਾ ਹੋਣ ਕਾਰਨ ਆੜ੍ਹਤੀਏ ਡਾਢੇ ਪ੍ਰੇਸ਼ਾਨ ਨਜ਼ਰ ਆ ਰਹੇ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਾਣਾ ਮੰਡੀ ਦਿਆਲਪੁਰਾ ਦੇ ਆੜ੍ਹਤੀਆਂ ਨੇ ਦੱਸਿਆ ਕਿ ਕਰੀਬ 16 ਅਪ੍ਰੈਲ ਤੋਂ ਕਣਕ ਦੀ ਖਰੀਦ ਆਰੰਭ ਹੋਈ ਹੈ ਪਰ ਅੱਜ ਤੱਕ ਉਨ੍ਹਾਂ ਦੀ ਮੰਡੀ ਵਿੱਚੋਂ ਇੱਕ ਵੀ ਬੋਰੀ ਦੀ ਢੋਆ-ਢੁਆਈ ਨਹੀਂ ਹੋਈ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਮੰਡੀ ਦੇ ਫੜ੍ਹ ਵੀ ਖਸਤਾ ਹਾਲਤ ਵਿਚ ਹਨ ਤੇ ਉੱਪਰੋਂ ਖਰਾਬ ਮੌਸਮ ਨੇ ਉਨ੍ਹਾਂ ਦੀ ਨੀਂਦ ਉਡਾ ਦਿੱਤੀ ਹੈ। ਇਸ ਮੌਕੇ ਸਾਬਕਾ ਮੰਡੀ ਪ੍ਰਧਾਨ ਅਤੇ ਕਮਿਸ਼ਨ ਏਜੰਟ ਸਤਨਾਮ ਸਿੰਘ ਮਰਗਿੰਦਪੁਰਾ ਅਤੇ ਵਾਈਸ ਪ੍ਰਧਾਨ ਵਿਕਰਮਜੋਤ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਇਸ ਹਾਲਤ ਦਾ ਜ਼ਿੰਮੇਵਾਰ ਟੈਂਡਰਕਾਰ ਹੈ। ਉਨ੍ਹਾਂ ਕਿਹਾ ਕਿ ਜੇਕਰ ਹਾਲੇ ਵੀ ਟੈਂਡਰਕਾਰ ਦੀ ਨੀਂਦ ਨਹੀਂ ਖੁੱਲ੍ਹੀ ਤਾਂ ਉਹ ਆਪਣੀ ਯੂਨੀਅਨ ਨਾਲ ਸਲਾਹ ਮਸ਼ਵਰਾ ਕਰਕੇ ਸੜਕਾਂ ਜਾਮ ਕਰਨਗੇ। ਇਸ ਮੌਕੇ ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਉਪਰੋਕਤ ਪੂਰੇ ਮਾਮਲੇ ਸਬੰਧੀ ਡੀ. ਐੱਫ.ਐੱਸ.ਓ. ਮੈਡਮ ਜਸਜੀਤ ਕੌਰ ਨੂੰ ਸੂਚਿਤ ਕੀਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਸ਼ਨੀਵਾਰ ਤੱਕ ਕਣਕ ਦੀ ਲਿਫਟਿੰਗ ਤੇ ਹੋਰ ਮੁਸ਼ਕਿਲਾਂ ਦਾ ਹੱਲ ਨਾ ਕੀਤਾ ਗਿਆ ਤਾਂ ਹਲਕਾ ਖੇਮਕਰਨ ਦੇ ਸਮੂਹ ਆੜ੍ਹਤੀਏ ਤੇ ਪੱਲੇਦਾਰ ਜ਼ੋਰਦਾਰ ਸੰਘਰਸ਼ ਕਰਨ ਲਈ ਮਜਬੂਰ ਹੋਣਗੇ। ਇਸ ਮੌਕੇ ਆੜ੍ਹਤੀਆ ਯੂਨੀਅਨ ਦੇ ਹਲਕਾ ਖੇਮਕਰਨ ਤੋਂ ਪ੍ਰਧਾਨ ਕੁਲਬੀਰ ਸਿੰਘ ਕਸੇਲ ਨੇ ਕਿਹਾ ਕਿ ਹਲਕਾ ਖੇਮਕਰਨ ਦੀਆਂ 17 ਮੰਡੀਆਂ ਦੇ ਸਾਰੇ ਹੀ ਆੜ੍ਹਤੀਏ ਪ੍ਰੇਸ਼ਾਨ ਹਨ। ਪੱਲੇਦਾਰ ਹਰਚੰਦ ਸਿੰਘ, ਇੰਦਰ ਸਿੰਘ, ਗੁਰਪ੍ਰੀਤ ਸਿੰਘ ਨੇ ਕਿਹਾ ਕਿ ਲਿਫਟਿੰਗ ਨਾ ਹੋਣ ਕਾਰਨ ਸਾਨੂੰ ਪਹਿਲਾਂ ਬੋਰੀਆਂ ਦੇ ਚੱਕੇ ਲਗਾਉਣੇ ਪੈਂਦੇ ਹਨ ਅਤੇ ਮੁੜ ਗੱਡੀਆਂ 'ਚ ਲੋਡ ਕਰਨੀ ਪੈਂਦੀ ਹੈ। ਕਿਸਾਨ ਅਨੋਖ ਸਿੰਘ, ਅਮਰ ਸਿੰਘ, ਗੁਰਮੇਜ ਸਿੰਘ ਨੇ ਕਿਹਾ ਕਿ ਹੁਣ ਮੰਡੀਆਂ 'ਚ ਕਣਕ ਦੀ ਢੇਰੀ ਉਤਾਰਣ ਲਈ ਜਗ੍ਹਾ ਵੀ ਖਾਲੀ ਨਹੀਂ ਮਿਲ ਰਹੀ। ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਦਲਜੀਤ ਸਿੰਘ ਦਿਆਲਪੁਰਾ ਨੇ ਕਿਹਾ ਕਿ ਆੜ੍ਹਤੀਆਂ ਤੇ ਕਿਸਾਨਾਂ, ਮਜ਼ਦੂਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਨਾ ਹੋਇਆ ਤੇ ਸੰਘਰਸ਼ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ। ਉਧਰ ਹੈਰਾਨੀ ਦੀ ਗੱਲ ਹੈ ਕਿ ਦਿਆਲਪੁਰਾ ਮੰਡੀ ਦੇ ਜੋ ਟੈਂਡਰਕਾਰਾਂ ਦੇ ਨਾਂਅ ਟੈਂਡਰ ਦੱਸੇ ਜਾਂਦੇ ਹਨ। ਉਨ੍ਹਾਂ ਕਥਿਤ ਟੈਂਡਰਕਾਰਾਂ ਨਾਲ ਰਾਬਤਾ ਕਰਨ ਤੇ ਉਨ੍ਹਾਂ ਆਪਣੇ ਨਾਂਅ 'ਤੇ ਟੈਂਡਰ ਹੋਣ ਤੋਂ ਸਾਫ ਮਨ੍ਹਾ ਕੀਤਾ ਕਿ ਸਾਡੇ ਕੋਲ ਇਹ ਟੈਂਡਰ ਹੀ ਨਹੀਂ ਹਨ। ਇਸ ਸੰਬੰਧੀ ਡੀ. ਐੱਫ. ਐੱਸ. ਓ. ਮੈਡਮ ਜਸਜੀਤ ਕੌਰ, ਐੱਸ.ਡੀ.ਐੱਮ. ਪੱਟੀ ਦੀਪਕ ਭੱਟੀ, ਹਲਕਾ ਖੇਮਕਰਨ ਵਿਧਾਇਕ ਸਰਵਨ ਸਿੰਘ ਧੁੰਨ ਆਦਿ ਨਾਲ ਇਸ ਪੂਰੇ ਮਾਮਲੇ ਸੰਬੰਧੀ ਰਾਬਤਾ ਕਰਨ ਦਾ ਯਤਨ ਕੀਤਾ ਤਾਂ ਕਿਸੇ ਨੇ ਵੀ ਫੋਨ ਨਹੀਂ ਚੁੱਕਿਆ। ਇਸ ਸੰਬੰਧੀ ਵੇਅਰ ਹਾਊਸਿੰਗ ਲਿਮਟਿਡ ਦੇ ਪੰਜਾਬ ਚੇਅਰਮੈਨ ਤੇ ਸੱਤਾਧਾਰੀ ਧਿਰ 'ਆਪ' ਦੇ ਮਾਝਾ ਜ਼ੋਨ ਇੰਚਾਰਜ ਗੁਰਦੇਵ ਸਿੰਘ ਲਾਖਣਾ ਦਾ ਕਹਿਣਾ ਹੈ ਕਿ ਜੇਕਰ ਟੈਂਡਰਕਾਰਾਂ ਨੇ ਲਿਫਟਿੰਗ ਜਲਦੀ ਹੀ ਸ਼ੁਰੂ ਨਹੀਂ ਕੀਤੀ ਤਾਂ ਉਨ੍ਹਾਂ ਨੂੰ ਬਲੈਕ ਲਿਸਟ ਵੀ ਕੀਤਾ ਜਾਵੇਗਾ ਤੇ ਸਕਿਓਰਿਟੀ ਵੀ ਜ਼ਬਤ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਤੁਰੰਤ ਖਰੀਦ ਤੇ ਤੁਰੰਤ ਪੈਸੇ ਦੀ ਅਦਾਇਗੀ ਕਰਵਾਈ ਜਾ ਰਹੀ ਹੈ। ਚੇਅਰਮੈਨ ਲਾਖਣਾ ਦਾ ਕਹਿਣਾ ਹੈ ਕਿ ਮਾਨ ਸਰਕਾਰ ਵਲੋਂ ਆੜ੍ਹਤੀਆਂ ਕਿਸਾਨਾਂ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ ਤੇ ਟੈਂਡਰਕਾਰਾਂ ਤੇ ਜ਼ਿਲ੍ਹਾ ਡਿਪਟੀ ਕਮਿਸਨਰ ਨਾਲ ਗੱਲ ਕਰਕੇ ਸਖਤ ਐਕਸ਼ਨ ਲਿਆ ਜਾਵੇਗਾ। ਇਸ ਮੌਕੇ ਸਮੂਹ ਆੜ੍ਹਤੀ ਗੌਰਵ ਧਵਨ, ਪਰਮਜੀਤ ਸਿੰਘ ਕਲਸੀਆਂ ਕਲਾਂ, ਦਿਲਬਾਗ ਸਿੰਘ ਕੱਚਾ ਪੱਕਾ, ਸਰਵਣ ਸਿੰਘ ਮੱਖੀ ਕਲਾਂ, ਲਖਵਿੰਦਰ ਸਿੰਘ ਮੱਖੀ ਕਲਾਂ, ਰਸਾਲ ਸਿੰਘ ਮੱਖੀ ਕਲਾਂ, ਨਿਸ਼ਾਨ ਸਿੰਘ ਢਿੱਲੋਂ, ਜਸਬੀਰ ਸਿੰਘ ਮਰਗਿੰਦਪੁਰਾ, ਲਖਵਿੰਦਰ ਸਿੰਘ, ਅੰਮ੍ਰਿਤਪਾਲ ਸਿੰਘ ਮਨਿਹਾਲਾ, ਜੱਜਬੀਰ ਸਿੰਘ ਕੱਚਾ ਪੱਕਾ, ਰਛਪਾਲ ਸਿੰਘ ਫੌਜੀ, ਰਸਾਲ ਸਿੰਘ ਮੱਖੀ ਕਲਾਂ, ਸੁਖਦੇਵ ਸਿੰਘ ਮੁਨੀਮ ਆਦਿ ਹਾਜ਼ਰ ਸਨ।

26 ਜਨਵਰੀ ਨੂੰ ਹਰ ਸਾਲ ਝੰਡਾ ਲਹਿਰਾਉਣ ਵਾਲੇ ਕਾਮਰੇਡ ਰਣਜੀਤ ਸਿੰਘ ਦਾ ਦੁਖਦਾਈ ਵਿਛੋੜਾ

ਕਾਮਰੇਡ ਰਣਜੀਤ ਸਿੰਘ ਬਸਰਾਵਾਂ (ਰਾਏਕੋਟ) ਸਾਨੂੰ 14 ਅਪ੍ਰੈਲ 2023 ਨੂੰ ਸਦੀਵੀਂ ਵਿਛੋੜਾ ਦੇ ਗਏ। ਕਾਮਰੇਡ ਰਣਜੀਤ ਸਿੰਘ ਅੱਜ ਉਸ ਸਮੇਂ ਸਾਡਾ ਸਾਥ ਛੱਡ ਗਿਆ ਜਦੋਂ ਦੇਸ਼ ਵਿੱਚ ਫਿਰਕੂ ਅਤੇ ਫਾਸ਼ੀ ਤਾਕਤਾਂ ਦਾ ਖਤਰਾ ਲਗਾਤਾਰ ਵੱਧ ਰਿਹਾ ਹੈ। ਇੱਥੇ ਮੋਦੀ ਸਰਕਾਰ ਦੀ ਅਗਵਾਈ ਵਿੱਚ ਕਾਰਪੋਰੇਟ ਘਰਾਣੇ ਲਗਾਤਾਰ ਮਾਲੋ-ਮਾਲ ਹੋ ਰਹੇ ਹਨ। ਮਿਹਨਤਕਸ਼ ਲੋਕਾਂ ਦੀ ਰੋਟੀ-ਰੋਜ਼ੀ ਦੇ ਸਵਾਲਾਂ ਨੂੰ ਪਿੱਛੇ ਧੱਕਿਆ ਜਾ ਰਿਹਾ ਹੈ.ਦਲਿਤਾਂ ਅਤੇ ਘਟ ਗਿਣਤੀਆਂ 'ਤੇ ਹਮਲੇ ਹੋਰ ਤੇਜ਼ ਹੋ ਰਹੇ ਹਨ। ਦੇਸ਼ ਵਿੱਚ ਸਮਾਜਕ ਇਨਸਾਫ ਦੀ ਲੜਾਈ ਵਧੇਰੇ ਪ੍ਰਚੰਡ ਹੋ ਰਹੀ ਹੈ। ਅਜਿਹੇ ਮੌਕੇ ਸਾਡੇ ਤਿਰੰਗੇ ਦੀ ਸ਼ਾਨ ਨੂੰ ਹੋਰ ਉੱਚਾ ਕਰਨ ਵਾਲਾ ਅਤੇ ਮਿਹਨਤਕਸ਼ ਲੋਕਾਂ ਦੀ ਲੜਾਈ ਲਈ ਲਾਲ ਝੰਡੇ ਦੇ ਸਤਿਕਾਰ ਨੂੰ ਵਧੇਰੇ ਬੁਲੰਦ ਕਰਨ ਵਾਲਾ ਕਮਰੇਡ ਰਣਜੀਤ ਸਿੰਘ ਸਾਡੇ ਦਰਮਿਆਨ ਨਹੀਂ ਰਿਹਾ। ਇਸ ਦੀ ਘਾਟ ਜਿੱਥੇ ਪਰਵਾਰ ਨੂੰ ਰੜਕਦੀ ਰਹੇਗੀ, ਉੱਥੇ ਸਾਡੀ ਲਹਿਰ ਨੂੰ ਵੀ ਉਸ ਦੇ ਕੀਤੇ ਕੰਮ ਸਦਾ ਯਾਦ ਰਹਿਣਗੇ। ਇਹਨਾਂ ਦਾ ਜਨਮ 1968 ਵਿੱਚ ਮਾਤਾ ਜੋਗਿੰਦਰ ਕੌਰ ਦੀ ਕੁੱਖੋਂ ਪਿੰਡ ਬਸਰਾਵਾਂ ਵਿਖੇ ਹੋਇਆ। ਇਹਨਾਂ ਦੇ ਪਿਤਾ ਦਾ ਨਾਂਅ ਸ: ਟਹਿਲ ਸਿੰਘ ਸੀ। ਮਜ਼ਦੂਰ ਪਰਵਾਰ ਵਿੱਚੋਂ ਜਨਮ ਲੈ ਕੇ ਇਸ ਨੂੰ ਵਿੱਦਿਆ ਪ੍ਰਾਪਤ ਕਰਨ ਦਾ ਬਹੁਤ ਘੱਟ ਮੌਕਾ ਮਿਲਿਆ। ਜਵਾਨੀ ਵਿੱਚ ਇਹ ਪੱਲੇਦਾਰੀ ਕਰਕੇ ਗੁਜਾਰਾ ਕਰਨ ਲੱਗੇ। ਕਾਮਰੇਡ ਰਣਜੀਤ ਸਿੰਘ ਦੇ ਪਰਵਾਰ ਵਿੱਚ ਇਹਨਾਂ ਦੀ ਧਰਮ ਪਤਨੀ, ਦੋ ਪੁੱਤਰ ਅਤੇ ਦੋ ਧੀਆਂ ਹਨ। ਬਾਅਦ ਵਿੱਚ ਇਹ ਲੁਧਿਆਣਾ ਸ਼ਹਿਰ ਵਿੱਚ ਆ ਕੇ ਮਿਹਨਤ ਮਜ਼ਦੂਰੀ ਕਰਨ ਲੱਗੇ, ਨਾਲ ਹੀ ਕਾਮਰੇਡ ਰਣਜੀਤ ਸਿੰਘ ਦਾ ਸੰਪਰਕ ਕਾਮਰੇਡ ਚੰਨਣ ਸਿੰਘ ਵਰੌਲਾ ਅਤੇ ਕਾਮਰੇਡ ਗੁਰਮੇਲ ਸਿੰਘ ਹੂੰਝਣ ਨਾਲ ਹੋ ਗਿਆ। ਇਹ ਪੱਕੇ ਤੌਰ 'ਤੇ ਭਾਰਤੀ ਕਮਿਊਨਿਸਟ ਪਾਰਟੀ ਨਾਲ ਜੁੜ ਗਏ। ਇਸ ਦੇ ਇਲਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੇ ਸਰਗਰਮ ਆਗੂ ਬਣ ਗਏ। ਮੇਰੇ ਨਾਲ ਕਾਮਰੇਡ ਰਣਜੀਤ ਸਿੰਘ ਦਾ ਬਹੁਤ ਨੇੜੇ ਦਾ ਸੰਪਰਕ ਬਣ ਆਇਆ।

ਆਪਣੇ ਕੰਮਕਾਰਾਂ ਦੇ ਨਾਲ-ਨਾਲ ਕਾਮਰੇਡ ਰਣਜੀਤ ਸਿੰਘ ਆਪਣੇ ਨਵੇਂ ਵਿਕਸਿਤ ਇਲਾਕੇ ਵਿੱਚ 26 ਜਨਵਰੀ ਨੂੰ ਕੌਮੀ ਝੰਡਾ ਲਹਿਰਾਉਣ ਦੀ ਰਸਮ ਹਰ ਸਾਲ ਅਦਾ ਕਰਦੇ ਰਹੇ। ਇੱਥੇ ਸੂਬਾਈ ਅਤੇ ਜ਼ਿਲ੍ਹੇ ਦੇ ਆਗੂ ਆਉਂਦੇ ਰਹੇ। ਇਸੇ ਤਰ੍ਹਾਂ ਹਰ ਸਾਲ ਪਹਿਲੀ ਮਈ ਨੂੰ ਮਜ਼ਦੂਰ ਦਿਵਸ ਦੇ ਦਿਨ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਦੇ ਰਹੇ। ਇਲਾਕੇ ਦਾ ਇਕੱਠ ਕਰਨਾ, ਇੱਥੇ ਰਾਜਨੀਤਕ ਤੌਰ 'ਤੇ ਲੋਕਾਂ ਨੂੰ ਸੂਝ ਦੇਣੀ ਅਤੇ ਇਲਾਕੇ ਦੇ ਵਿਕਾਸ ਬਾਰੇ ਲੋਕਾਂ ਨੂੰ ਲਾਮਬੰਦ ਕਰਨਾ ਇਹਨਾਂ ਦੇ ਰੋਮ-ਰੋਮ ਵਿੱਚ ਰਚਿਆ ਹੋਇਆ ਸੀ। ਸੀ ਪੀ ਆਈ ਅਤੇ ਖੇਤ ਮਜ਼ਦੂਰ ਸਭਾ ਵੱਲੋਂ ਜਿੰਨੀਆਂ ਵੀ ਮੁਹਿੰਮਾਂ ਚੱਲੀਆਂ ਉਸ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਰਹੇ। ਆਪਣੇ ਘਰ ਉੱਪਰ ਪਾਰਟੀ ਦਾ ਝੰਡਾ ਹਮੇਸ਼ਾ ਝੂਲਦਾ ਰੱਖਣਾ ਇਹਨਾਂ ਦੇ ਦਿਲ ਦੀ ਤਮੰਨਾ ਸੀ। ਲੋਕਾਂ ਵਿੱਚ ਕੰਮ ਕਰਨ ਸਮੇਂ ਕਦੇ ਵੀ ਇਸ ਨੂੰ ਆਪਣੇ ਘੱਟ ਪੜ੍ਹੇ-ਲਿਖੇ ਹੋਣ ਦਾ ਅਹਿਸਾਸ ਨਹੀਂ ਹੋਇਆ, ਸਗੋਂ ਕਈ ਜਗ੍ਹਾ ਤਾਂ ਅਫਸਰਾਂ ਨਾਲ ਮਿਲਕੇ ਚੰਗੇ ਪੜ੍ਹੇ ਲਿਖਿਆਂ ਨੂੰ ਵੀ ਮਾਤ ਪਾ ਦਿੰਦੇ ਸਨ। ਅੱਜ ਕੱਲ੍ਹ ਤਾਂ ਕਾਮਰੇਡ ਰਣਜੀਤ ਸਿੰਘ ਦਾ ਜੀਵਨ ਪੂਰੀ ਤਰ੍ਹਾਂ ਲੋਕ ਸੇਵਾ ਨੂੰ ਸਮਰਪਿਤ ਸੀ। ਇਸ ਦੀ ਚਮੜੀ ਵਿੱਚ ਜਰਾ ਵੀ ਡਰ ਖੌਫ ਨਹੀਂ ਸੀ। ਇਹ ਬਹੁਤ ਨਿਡਰਤਾ ਅਤੇ ਦਲੇਰੀ ਨਾਲ ਕੰਮ ਕਰਦੇ ਸਨ।

ਕਾਮਰੇਡ ਰਣਜੀਤ ਸਿੰਘ ਪਿਛਲੇ ਚਾਰ ਕੁ ਮਹੀਨਿਆਂ ਤੋਂ ਬਿਮਾਰ ਚੱਲੇ ਆ ਰਹੇ ਸਨ। ਆਖਿਰ ਲੀਵਰ ਦੀ ਬੀਮਾਰੀ ਤੋਂ ਇਹ ਜ਼ਿੰਦਗੀ ਦੀ ਜੰਗ ਹਾਰ ਗਏ। ਸਾਰੇ ਪਰਵਾਰ ਨੇ ਇਲਾਜ ਅਤੇ ਸੇਵਾ ਵਿੱਚ ਕੋਈ ਕਸਰ ਨਹੀਂ ਛੱਡੀ। ਆਖਰੀ ਦਿਨਾਂ ਵਿੱਚ ਜਦੋਂ ਮੈਂ ਉਹਨਾਂ ਦੀ ਖਬਰ ਲੈਣ ਗਿਆ ਤਾਂ ਉਹਨਾਂ ਨੇ ਬੜੇ ਸਤਿਕਾਰ ਨਾਲ ਮੈਥੋਂ ਪਾਰਟੀ ਦਾ ਕਾਰਡ ਮੰਗਿਆ ਅਤੇ ਕਾਰਡ ਲੈ ਕੇ ਉਹਨਾ ਕਿਹਾ ਕਿ ਮੈਨੂੰ ਕਾ. ਚੰਨਣ ਸਿੰਘ ਵਰੌਲਾ ਅਤੇ ਕਾ. ਗੁਰਮੇਲ ਸਿੰਘ ਹੂੰਝਣ ਦੀ ਫੋਟੋ ਜ਼ਰੂਰ ਦੇ ਕੇ ਜਾਣੀ। ਇਹ ਬਹੁਤ ਹੀ ਸਰਗਰਮ ਅਤੇ ਮਿਹਨਤੀ ਲੋਕਾਂ ਨੂੰ ਦਿਲੋਂ ਸਤਿਕਾਰ ਕਰਨ ਵਾਲਾ, ਨਿਸ਼ਕਾਮ ਸੇਵਕ, ਜਿਸ ਦਾ ਇਲਾਕੇ ਵਿੱਚ ਕੀਤਾ ਕੰਮ ਬੋਲਦਾ ਹੈ, ਅੱਜ ਸਾਡੇ ਵਿੱਚ ਨਹੀਂ ਰਿਹਾ। ਇਹ ਬਹੁਤ ਥੋੜ੍ਹੀ ਉਮਰ ਵਿੱਚ ਸਾਨੂੰ ਵਿਛੋੜਾ ਦੇ ਗਿਆ। ਇਸ ਦੀ ਨਿੱਘੀ ਤੇ ਪਿਆਰੀ ਯਾਦ ਸਾਨੂੰ ਹਮੇਸ਼ਾ ਆਉਂਦੀ ਰਹੇਗੀ। ਪੰਜਾਬ ਖੇਤ ਮਜ਼ਦੂਰ ਸਭਾ ਪਰਵਾਰ ਦੇ ਦੁੱਖ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੈ।

ਕਾ. ਗੁਲਜ਼ਾਰ ਸਿੰਘ ਗੌਰੀਆ, ਮੋਬਾ : 94638-09002

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਵਿਰਸਾ ਦਰਸ਼ਨ ਯਾਤਰਾ ਨੂੰ ਹਰੀ ਝੰਡੀ

ਕਲਾਨੌਰ (ਮਨਦੀਪ ਕੋਹਲੀ)- ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਹੈਰੀਟੇਜ ਸੁਸਾਇਟੀ ਵੱਲੋਂ ਜ਼ਿਲ੍ਹੇ ਦੇ ਅਮੀਰ ਧਾਰਮਿਕ ਅਤੇ ਇਤਿਹਾਸਕ ਵਿਰਸੇ ਨੂੰ ਉਜਾਗਰ ਕਰਨ, ਸੰਭਾਲਣ ਅਤੇ ਪ੍ਰਚਾਰਣ ਦੇ ਯਤਨਾਂ ਤਹਿਤ ਚਲਾਏ ਜਾ ਰਹੇ 'ਵਿਰਸਾ ਦਰਸ਼ਨ' ਪ੍ਰੋਗਰਾਮ ਤਹਿਤ ਪੰਡਤ ਮੋਹਨ ਲਾਲ ਐੱਸ.ਡੀ. ਕਾਲਜ ਗੁਰਦਾਸਪੁਰ ਦੀਆਂ ਵਿਦਿਆਰਥਣਾਂ ਨੂੰ ਜ਼ਿਲ੍ਹੇ ਦੇ ਇਤਿਹਾਸਕ ਅਤੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਏ ਗਏ। ਡੀਸੀ ਨੇ ਸਵੇਰੇ ਸਥਾਨਕ ਪੰਚਾਇਤ ਭਵਨ ਤੋਂ ਵਿਰਸਾ ਦਰਸ਼ਨ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਧੀ ਕੁਮੁਦ ਬਾਮਬਾ, ਐੱਸ.ਡੀ.ਐੱਮ. ਗੁਰਦਾਸਪੁਰ ਸ੍ਰੀਮਤੀ ਅਮਨਦੀਪ ਕੌਰ ਘੁੰਮਣ, ਹੈਰੀਟੇਜ ਸੁਸਾਇਟੀ ਦੇ ਜਾਇੰਟ ਸਕੱਤਰ ਹਰਮਨਪ੍ਰੀਤ ਸਿੰਘ ਤੋਂ ਇਲਾਵਾ ਐੱਸ.ਡੀ. ਕਾਲਜ ਦਾ ਸਟਾਫ ਵੀ ਮੌਜੂਦ ਸੀ। ਵਿਰਸਾ ਦਰਸ਼ਨ ਲਈ ਬੱਸ ਨੂੰ ਰਵਾਨਾ ਕਰਨ ਤੋਂ ਪਹਿਲਾਂ ਵਿਦਿਆਰਥਣਾਂ ਨਾਲ ਗੱਲ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਗੁਰਦਾਸਪੁਰ ਦਾ ਇਤਿਹਾਸ ਵਿੱਚ ਬਹੁਤ ਅਹਿਮ ਸਥਾਨ ਹੈ ਅਤੇ ਜ਼ਿਲ੍ਹੇ ਦੇ ਹਰ ਸ਼ਹਿਰ ਤੇ ਪਿੰਡ ਦਾ ਆਪਣਾ ਅਮੀਰ ਇਤਿਹਾਸਕ ਵਿਰਸਾ ਤੇ ਇਤਿਹਾਸ ਹੈ। ਵਿਰਸਾ ਦਰਸ਼ਨ ਦੌਰਾਨ ਵਿਦਿਆਰਥਣਾਂ ਨੇ ਸਭ ਤੋਂ ਪਹਿਲਾਂ ਯਾਤਰਾ ਛੋਟਾ ਘੱਲੂਘਾਰਾ ਸ਼ਹੀਦੀ ਸਮਾਰਕ ਕਾਹਨੂੰਵਾਨ, ਗੁਰਦਾਸ ਨੰਗਲ ਗੜ੍ਹੀ, ਸ਼ਿਵ ਮੰਦਰ ਕਲਾਨੌਰ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਚੋਲਾ ਸਾਹਿਬ ਡੇਰਾ ਬਾਬਾ ਨਾਨਕ, ਸ੍ਰੀ ਧਿਆਨਪੁਰ ਧਾਮ, ਬਟਾਲਾ ਵਿਖੇ ਗੁਰਦੁਆਰਾ ਸ੍ਰੀ ਕੰਧ ਸਾਹਿਬ ਅਤੇ ਸ੍ਰੀ ਅੱਚਲ ਸਾਹਿਬ ਦੇ ਦਰਸ਼ਨ ਕੀਤੇ। ਬਾਅਦ ਦੁਪਹਿਰ ਇਹ ਯਾਤਰਾ ਵਾਪਸ ਗੁਰਦਾਸਪੁਰ ਵਿਖੇ ਪਹੁੰਚ ਕੇ ਸਮਾਪਤ ਹੋਈ। ਵਿਦਿਆਰਥਣਾਂ ਨੇ ਵਿਰਸਾ ਦਰਸ਼ਨ ਲਈ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਜ਼ਿਲ੍ਹਾ ਹੈਰੀਟੇਜ ਸੁਸਾਇਟੀ ਗੁਰਦਾਸਪੁਰ ਦਾ ਧੰਨਵਾਦ ਕੀਤਾ।

ਅੱਤਵਾਦੀ ਹਮਲੇ 'ਚ ਸ਼ਹੀਦ ਜਵਾਨਾਂ ਨੂੰ ਸ਼ਰਧਾਂਜਲੀ ਭੇਟ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਜੰਮੂ-ਪੁੰਛ ਨੈਸ਼ਨਲ ਹਾਈਵੇ 'ਤੇ ਅੱਤਵਾਦੀਆਂ ਵੱਲੋਂ ਕੀਤੇ ਹਮਲੇ ਦੌਰਾਨ ਫੌਜ ਦੇ 5 ਸ਼ਹੀਦ ਹੋਏ ਜਵਾਨਾਂ ਨੂੰ ਸਵਰਾਜ ਸਪੋਰਟਸ ਕਲੱਬ ਅਜਨਾਲਾ ਦੇ ਪ੍ਰਧਾਨ ਮੰਗਲ ਸਿੰਘ ਨਿੱਜਰ ਤੇ ਕੀਰਤਨ ਦਰਬਾਰ ਸੇਵਾ ਸੋਸਾਇਟੀ ਦੇ ਆਗੂਆਂ ਵੱਲੋਂ ਅਜਨਾਲਾ ਵਿਖੇ ਮੋਮਬੱਤੀਆਂ ਜਗਾ ਕੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਸ਼ਹੀਦਾਂ ਦੀ ਆਤਮਿਕ ਸ਼ਾਂਤੀ ਲਈ 2 ਮਿੰਟ ਦਾ ਮੌਨ ਧਾਰਨ ਕਰ ਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਭਾਈ ਮਲਕੀਤ ਸਿੰਘ ਅਜਨਾਲਾ, ਭਾਈ ਗੁਰਦੇਵ ਸਿੰਘ ਨਿੱਜਰ, ਨਰਿੰਦਰਪਾਲ ਸਿੰਘ, ਅਮਰਜੀਤ ਸਿੰਘ ਬਾਜਵਾ, ਮਲਕੀਤ ਸਿੰਘ ਭੰਗੂ, ਭਾਈ ਮਨਜੀਤ ਸਿੰਘ

23-April-PAGE-7.qxd 4/22/2023 9:30 PM Page 1

ਅਧਿਆਪਕਾਂ ਦੀਆਂ ਅਸਾਮੀਆਂ ਘਟਾਉਣ ਵਿਰੁੱਧ ਜਲੰਧਰ 'ਚ ਰੈਲੀ 30 ਨੂੰ : ਡੀ ਟੀ ਐੱਫ

ਟਾਂਡਾ, (ਓਂਕਾਰ ਸਿੰਘ, ਜਸਵਿੰਦਰ ਸੰਧੂ)

ਡੈਮੋਕਰੈਟਿਕ ਟੀਚਰਜ਼ ਫ਼ਰੰਟ ਪੰਜਾਬ (ਡੀ.ਟੀ.ਐੱਫ.) ਬਲਾਕ ਟਾਂਡਾ ਦੀ ਇੱਕ ਅਹਿਮ ਮੀਟਿੰਗ ਬਲਾਕ ਪ੍ਰਧਾਨ ਪ੍ਰਦੀਪ ਸ਼ਰਮਾ, ਅਮਨਦੀਪ ਸਿੰਘ ਬੁੱਢੀ ਪਿੰਡ ਅਤੇ ਵਰਿੰਦਰ ਸ਼ਹਿਬਾਜ਼ਪੁਰ ਆਦਿ ਆਗੂਆਂ ਦੀ ਪ੍ਰਧਾਨਗੀ ਹੇਠ ਸਥਾਨਕ ਸ਼ਿਮਲਾ ਪਹਾੜੀ ਪਾਰਕ ਵਿਖੇ ਹੋਈ। ਜਿਸ ਵਿੱਚ ਜ਼ਿਲ੍ਹਾ ਪੱਧਰੀ ਆਗੂ ਇੰਦਰ ਸੁਖਦੀਪ ਸਿੰਘ ਓਢਰਾ ਅਤੇ ਮਨਜੀਤ ਸਿੰਘ ਦਸੂਹਾ ਵਿਸ਼ੇਸ਼ ਤੌਰ ਉੱਤੇ ਸ਼ਾਮਿਲ ਹੋਏ। ਮੀਟਿੰਗ ਵਿੱਚ ਇਸ ਗੱਲ ਉੱਤੇ ਡੂੰਘੀ ਚਿੰਤਾ ਜਤਾਈ ਗਈ ਕਿ ਪਿਛਲੀ ਸਰਕਾਰ ਸਮੇਂ ਪੰਜਾਬ ਦੇ ਸਾਬਕਾ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਨੇ ਇੱਕੋ ਝਟਕੇ ਨਾਲ਼ ਹੀ ਈ-ਪੰਜਾਬ ਪੋਰਟਲ ਉੱਤੋਂ ਪੰਜਾਬ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਲੱਗਭੱਗ 38865 ਈ.ਟੀ.ਟੀ. ਅਧਿਆਪਕਾਂ ਦੀਆਂ ਅਸਾਮੀਆਂ ਘਟਾ ਦਿੱਤੀਆਂ ਸਨ ਜਿਸ ਕਾਰਣ ਬੀਤੇ ਕਈ ਸਾਲਾਂ ਤੋਂ ਪੰਜਾਬ ਦੇ ਸਕੂਲਾਂ ਵਿੱਚ ਅਧਿਆਪਕਾਂ ਦੀ ਵੱਡੀ ਘਾਟ ਪਾਈ ਜਾ ਰਹੀ ਹੈ। ਆਲਮ ਇਹ ਹੈ ਕਿ ਬੀਤੇ ਤਿੰਨ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਪੰਜਾਬ ਦੇ 3265 ਦੇ ਕਰੀਬ ਪ੍ਰਾਇਮਰੀ ਸਕੂਲਾਂ ਵਿੱਚ ਕੇਵਲ ਇੱਕ-ਇੱਕ ਅਧਿਆਪਕ ਹੀ ਸੱਤ-ਸੱਤ ਜਮਾਤਾਂ ਨੂੰ ਸਾਂਭ ਰਿਹਾ ਹੈ ਅਤੇ ਏਸ ਵਾਰ ਵੀ ਈ-ਪੰਜਾਬ ਪੋਰਟਲ ਉੱਤੇ ਅਧਿਆਪਕ-ਵਿਹੂਣੇ ਅਜਿਹੇ ਸਕੂਲਾਂ ਵਿੱਚ ਕੋਈ ਅਸਾਮੀ ਨਾ ਦਰਸਾਈ ਜਾਣ ਕਾਰਣ ਇਸ ਵਾਰ ਵੀ ਇਨ੍ਹਾਂ ਅਧਿਆਪਕ-ਵਿਹੂਣੇ ਸਕੂਲਾਂ ਵਿੱਚ ਬਦਲੀਆਂ ਕਰਵਾ ਕੇ ਜਾਣ ਦੇ ਚਾਹਵਾਨ ਈ.ਟੀ.ਟੀ. ਅਧਿਆਪਕ ਇਨ੍ਹਾਂ ਸਕੂਲਾਂ ਵਿੱਚ ਬਦਲੀ ਕਰਵਾ ਕੇ ਨਹੀਂ ਜਾ ਸਕਣਗੇ ਜਿਸ ਕਾਰਣ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲ਼ੇ ਪੰਜਾਬ ਦੇ ਲੱਖਾਂ ਗ਼ਰੀਬ ਕਿਸਾਨਾਂ, ਮਜ਼ਦੂਰਾਂ, ਦਲਿਤਾਂ, ਛੋਟੇ ਦੁਕਾਨਦਾਰਾਂ ਅਤੇ ਪ੍ਰਵਾਸੀ ਕਾਮਿਆਂ ਦੇ ਬੱਚੇ ਇਸ ਸਾਲ ਵੀ ਅਧਿਆਪਕਾਂ ਦਾ ਰਾਹ ਤੱਕਦੇ ਹੀ ਰਹਿ ਜਾਣਗੇ। ਅਧਿਆਪਕ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਬਦਲੀਆਂ ਲਈ ਅਪਲਾਈ ਕਰਨ ਦੇ ਸਮੇਂ ਵਿੱਚ ਵਾਧਾ ਕੀਤਾ ਜਾਵੇ ਅਤੇ ਉਸਤੋਂ ਪਹਿਲਾਂ ਈ-ਪੰਜਾਬ ਪੋਰਟਲ ਉੱਤੋਂ ਅਧਿਆਪਕਾਂ ਦੀਆਂ ਘਟਾਈਆਂ ਅਸਾਮੀਆਂ ਨੂੰ ਤੁਰੰਤ ਬਹਾਲ ਕੀਤਾ ਜਾਵੇ ਤਾਂ ਜੋ ਹਰੇਕ ਸਕੂਲ ਵਿੱਚ ਅਧਿਆਪਕਾਂ ਦੀ ਘਾਟ ਦੂਰ ਹੋ ਸਕੇ ਅਤੇ ਪੰਜਾਬ ਦੇ ਹਰੇਕ ਵਿਦਿਆਰਥੀ ਨੂੰ ਪੂਰੇ ਅਧਿਆਪਕ ਮਿਲ਼ ਸਕਣ। ਡੀ.ਟੀ.ਐੱਫ. ਦੇ ਆਗੂਆਂ ਨੇ ਐਲਾਨ ਕੀਤਾ ਕਿ ਪੰਜਾਬ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀਆਂ ਅਜਿਹੀਆਂ ਸਭ ਹੱਕੀ ਮੰਗਾਂ ਦੀ ਪੂਰਤੀ ਲਈ ਡੈਮੋਕਰੈਟਿਕ ਟੀਚਰਜ਼ ਫ਼ਰੰਟ ਪੰਜਾਬ (ਡੀ.ਟੀ.ਐੱਫ.) ਆਉਂਦੀ 30 ਅਪ੍ਰੈਲ ਨੂੰ ਜਲੰਧਰ ਵਿਖੇ ਜ਼ਿਮਨੀ ਚੋਣ ਮੌਕੇ ਵਿਸ਼ਾਲ ਰੈਲੀ ਕਰੇਗੀ ਜਿਸ ਵਿੱਚ ਬਲਾਕ ਟਾਂਡਾ ਤੋਂ ਵੀ ਵੱਡੀ ਗਿਣਤੀ ਵਿੱਚ ਅਧਿਆਪਕ ਸ਼ਾਮਿਲ ਹੋਣਗੇ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਮੈਡਮ ਰਾਜਵਿੰਦਰ ਕੌਰ, ਬਲਰਾਜ ਸਿੰਘ, ਮਨਵਿੰਦਰ ਸਿੰਘ, ਕੁਲਵਿੰਦਰ ਸਿੰਘ, ਜਗਪ੍ਰੀਤ ਸਿੰਘ, ਲਖਵੀਰ ਸਿੰਘ ਟਾਹਲੀ, ਸੁਰਿੰਦਰ ਸਿੰਘ, ਰਜਿੰਦਰ ਕੁਮਾਰ, ਰਾਕੇਸ਼ ਕੁਮਾਰ, ਰਮੇਸ਼ ਕੁਮਾਰ, ਵਰਿੰਦਰ ਸੈਣੀ ਤੱਲਾ-ਮੱਦਾ, ਦਲਜੀਤ ਸਿੰਘ ਮੂਨਕ, ਰਜਿੰਦਰ ਸਿੰਘ ਅਤੇ ਕੁਲਵਿੰਦਰ ਸਿੰਘ ਆਦਿ ਅਧਿਆਪਕ ਵੀ ਹਾਜ਼ਰ ਸਨ।

'ਆਪ' ਸਰਕਾਰ ਦੀਆਂ ਨੀਤੀਆਂ ਤੇ ਕਾਰਜਾਂ ਤੋਂ ਪੂਰੀ ਤਰ੍ਹਾਂ ਖੁਸ਼ ਹਨ ਜਲੰਧਰ ਵਾਸੀ : ਹਰਚੰਦ ਬਰਸਟ

ਜਲੰਧਰ, (ਸੁਰਿੰਦਰ ਕੁਮਾਰ, ਸ਼ੈਲੀ ਐਲਬਰਟ)

ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਹੋਰਨਾਂ ਪਾਰਟੀਆਂ ਨਾਲ ਸੰਬੰਧਤ ਪਰਵਾਰ 'ਆਪ' ਵਿੱਚ ਲਗਾਤਾਰ ਸ਼ਾਮਲ ਹੋ ਰਹੇ ਹਨ। ਇਸ ਦੌਰਾਨ 'ਆਪ ਦੇ ਮੋਹਿੰਦਰ ਭਗਤ ਅਤੇ ਸੰਜੀਵ ਭਗਤ ਜ਼ਿਲ੍ਹਾ ਸੋਸ਼ਲ ਮੀਡੀਆ ਇੰਚਾਰਜ ਵੱਲੋਂ ਕੀਤੀਆਂ ਕੋਸ਼ਿਸ਼ਾਂ ਸਦਕਾ ਜਲੰਧਰ (ਪੱਛਮੀ) ਦੇ ਵਾਰਡ ਨੰਬਰ 34 ਅਤੇ 35 'ਚੋਂ ਲਗਪਗ 20 ਪਰਵਾਰ ਭਾਜਪਾ ਦਾ ਪੱਲਾ ਛੱਡ ਕੇ 'ਆਪ' ਪਾਰਟੀ 'ਚ ਸ਼ਾਮਲ ਹੋ ਗਏ। ਆਮ ਆਦਮੀ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਨੇ ਇਨ੍ਹਾਂ ਪਰਵਾਰਾਂ ਨੂੰ ਜੀ ਆਇਆਂ ਕਹਿੰਦਿਆਂ ਖੁਦ ਪਾਰਟੀ 'ਚ ਸ਼ਾਮਲ ਕੀਤਾ। ਇਸ ਮੌਕੇ 'ਆਪ' ਪੰਜਾਬ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਸਮੇਤ ਮੋਹਿੰਦਰ ਭਗਤ, ਸੰਜੀਵ ਭਗਤ, ਇੰਦਰਬੰਸ ਸਿੰਘ ਚੱਢਾ, ਜੋਰਜ ਸੋਹਣੀ, ਆਤਮ ਪ੍ਰਕਾਸ਼ ਬਬਲੂ, ਸੁਭਾਸ਼ ਪ੍ਰਭਾਕਰ, ਸ਼ੋਭਾ ਭਗਤ ਵੀ ਹਾਜ਼ਰ ਸਨ। ਇਸ ਮੌਕੇ 'ਆਪ' ਪੰਜਾਬ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਜਲੰਧਰ ਜ਼ਿਮਨੀ ਚੋਣਾਂ ਨੂੰ ਲੈ ਕੇ ਪਾਰਟੀ ਵਰਕਰ 'ਆਪ' ਦੀਆਂ ਨੀਤੀਆਂ ਅਤੇ ਕਾਰਜਾਂ ਨੂੰ ਲਗਾਤਾਰ ਆਮ ਲੋਕਾਂ ਵਿੱਚ ਲੈ ਕੇ ਜਾ ਰਹੇ ਹਨ ਉਨ੍ਹਾਂ ਇਹ ਦਾਅਵਾ ਕੀਤਾ ਕਿ ਜਲੰਧਰ ਜ਼ਿਮਨੀ ਚੋਣ ਵਿੱਚ 'ਆਪ' ਉਮੀਦਵਾਰ ਦੀ ਜਿੱਤ ਪੱਕੀ ਹੋ ਚੁੱਕੀ ਹੈ। ਦੂਜੇ ਪਾਸੇ ਅੱਜ ਭਾਜਪਾ ਨੂੰ ਅਲਵਿਦਾ ਆਖ 'ਆਪ' ਦਾ ਪੱਲਾ ਫੜਨ ਵਾਲਿਆਂ ਵਿੱਚ ਵਿਜੈ ਕੁਮਾਰ, ਹਰਪ੍ਰੀਤ, ਮਨੋਜ, ਰਜਨੀਸ਼ ਕੁਮਾਰ, ਮਨੀ, ਦੀਪਕ, ਤਰੁਣ, ਸਤਪਾਲ, ਕਰਨ, ਰਾਣਾ, ਪ੍ਰੀਤੀ, ਯੋਗੇਸ਼, ਤਿਣੂ, ਅਮਿਤ ਯਾਦਵ, ਅਭੇ ਯਾਦਵ, ਅਭੀ ਯਾਦਵ, ਆਸ਼ੂ ਯਾਦਵ, ਰਾਜੇਸ਼ ਕੁਮਾਰ, ਅੰਮ੍ਰਿਤ ਪਾਲ, ਬਲਵਿੰਦਰ ਕੁਮਾਰ, ਨਰਿੰਦਰ ਬਾਜ਼ੀਗਰ, ਸੋਨੀ ਪਹਿਲਵਾਨ, ਰਾਮ ਪ੍ਰਕਾਸ਼, ਅਸ਼ੋਕ ਵਿਰਦੀ, ਗੁਰਮੀਤ ਚੰਦ, ਹੰਸ ਰਾਜ, ਸੁਖ ਦੇਵੀ ਸੁੱਖਾ, ਮਹਿੰਦਰ ਪਾਲ, ਗੁਰਦਾਸ ਜੱਗੀ, ਸੁਰਜੀਤ ਕੁਮਾਰ, ਸੋਨੀ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਦੇ ਨਾਂਅ ਸ਼ਾਮਲ ਹਨ।

ਨਸ਼ਾ ਸਪਲਾਈ ਕਰਨ ਵਾਲਾ ਭਗੌੜਾ ਗ੍ਰਿਫ਼ਤਾਰ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ)- ਐਸ.ਐਚ.ਓ ਰਵਿੰਦਰ ਕੁਮਾਰ ਮੁੱਖ ਅਫਸਰ ਥਾਣਾ ਟਾਂਡਾ ਨੇ ਦੱਸਿਆ ਕਿ ਤੇ ਏ. ਐਸ. ਆਈ. ਰਾਜੇਸ਼ ਕੁਮਾਰ , ਇੰਚਾਰਜ ਚੌਕੀ ਸਰਾਂ , ਥਾਣਾ ਟਾਂਡਾ ਵਲੋਂ ਨਸ਼ਾ ਐਕਟ ਮੁਕੱਦਮੇ ਵਿੱਚ ਅਦਾਲਤ ਵੱਲੋਂ ਭਗੌੜੇ ਕਰਾਰ ਕੀਤੇ ਦੋਸ਼ੀ ਕੁਲਦੀਪ ਸਿੰਘ ਉਰਫ ਬੱਬੂ ਪੁੱਤਰ ਬਿੰਦਰ ਵਾਸੀ ਬਘਿਆੜੀ, ਥਾਣਾ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਹਸਬ ਜਾਬਤਾ ਅਨੁਸਾਰ ਗ੍ਰਿਫਤਾਰ ਕੀਤਾ ਗਿਆ। ਪੁਲਸ ਨੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਇਹ ਲਾਵਾਰਸ ਸਕੂਟਰ ਕਿਸ ਦਾ ਹੈ ?

ਖਰੜ (ਹਰਨਾਮ ਸਿੰਘ ਡੱਲਾ)- ਪਿਛਲੇ ਵੀਹ ਪੱਚੀ ਦਿਨ ਤੋਂ ਇੱਕ ਸਕੂਟਰ ਲਾਂਡਰਾਂ ਰੋਡ ਖਰੜ ਦੇ ਇੱਕ ਕਿਨਾਰੇ ਉੱਤੇ ਲਾਵਾਰਸ ਖੜ੍ਹਾ ਹੈ। ਜਿਸ ਦਾ ਨੰਬਰ ਸੀ ਐੱਚ 01 ਏ ਪੀ 3482 ਹੈ। ਜਿਸ ਉੱਤੇ ਇੱਕ ਬੈਗ ਜਾਂ ਹੋ ਸਕਦਾ ਹੈ ਕਿ ਕੋਈ ਟੂਲ ਕਿੱਟ ਹੋਵੇ,ਵੀ ਓਸੇ ਤਰ੍ਹਾਂ ਪਈ ਹੈ। ਇਸ ਸਕੂਟਰ ਬਾਰੇ ਤਰਕਸ਼ੀਲ ਸੁਸਾਇਟੀ ਖਰੜ ਦੇ ਨੌਜਵਾਨ ਬਿਕਰਮਜੀਤ ਸਿੰਘ ਸੋਨੀ,ਗੁਰਤੇਜ ਸਿੰਘ ਅਤੇ ਨਜਦੀਕ ਵਰਕਸ਼ਾਪ ਵਿੱਚ ਕੰਮ ਕਰਦੇ ਚੰਦਵਜੀਰ ਸਿੰਘ ਨੇ ਪ੍ਰੈੱਸ ਦੇ ਧਿਆਨ ਵਿੱਚ ਲਿਆਂਦਾ ਹੈ। ਉਨ੍ਹਾਂ ਦੱਸਿਆ ਕਿ ਇਹ ਰਹੱਸ ਬਣਿਆ ਹੋਇਆ ਹੈ ਕਿ ਇੰਨੇ ਦਿਨ ਬੀਤ ਜਾਣ ਬਾਅਦ ਵੀ ਇਸ ਵਹੀਕਲ ਦਾ ਕੋਈ ਵਾਰਸ ਸਾਹਮਣੇ ਨਹੀਂ ਆਇਆ ਅਤੇ ਨਾ ਹੀ ਸਥਾਨਕ ਪੁਲਿਸ ਵਲੋਂ ਰੋਜਾਨਾ ਗਸ਼ਤ ਕਰਨ ਤੋਂ ਬਾਅਦ ਵੀ ਇਸ ਦਾ ਕੋਈ ਨੋਟਿਸ ਲਿਆ ਗਿਆ ਹੈ। ਉਕਤ ਨੌਜਵਾਨਾਂ ਅਤੇ ਮਾਰਕੀਟ ਦੇ ਦੁਕਾਨਦਾਰਾਂ ਨੇ ਪ੍ਰੈਸ ਰਾਹੀਂ ਸਥਾਨਕ ਪੁਲਸ ਦੇ ਧਿਆਨ ਵਿੱਚ ਲਿਆ ਕੇ ਮੰਗ ਕੀਤੀ ਹੈ ਕਿ ਸਕੂਟਰ ਦੇ ਮਾਲਕ ਦਾ ਪਤਾ ਲਗਾ ਕੇ ਉਸ ਦੇ ਸਪੁਰਦ ਕੀਤਾ ਜਾਵੇ ਜਾਂ ਕਾਨੂੰਨੀ ਕਾਰਵਾਈ ਕਰਕੇ ਇਸ ਨੂੰ ਸਰਕਾਰੀ ਮਾਲਖਾਨੇ ਵਿੱਚ ਜਮ੍ਹਾਂ ਕੀਤਾ ਜਾਵੇ ਤਾਂ ਕਿ ਕਿਸੇ ਸਮਾਜ ਵਿਰੋਧੀ ਅਨਸਰ ਵਲੋਂ ਇਸ ਲਾਵਾਰਸ ਸਕੂਟਰ ਦੀ ਗਲਤ ਵਰਤੋਂ ਨਾ ਕਰ ਲਈ ਜਾਵੇ।

ਜਲੰਧਰ 'ਚ 'ਆਪ' ਦੀ ਹਾਲਤ ਸੰਗਰੂਰ ਵਰਗੀ ਹੋਵੇਗੀ : ਡਾ: ਵੇਰਕਾ

ਜਲੰਧਰ (ਸੁਰਿੰਦਰ ਕੁਮਾਰ)- ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਡਾ: ਰਾਜ ਕੁਮਾਰ ਵੇਰਕਾ ਨੇ ਭਾਜਪਾ ਦੇ ਚੋਣ ਦਫਤਰ ਲਾਜਪਤ ਨਗਰ ਵਿਖੇ ਉਲੀਕੀ ਪ੍ਰੈਸ ਕਾਨਫਰੰਸ ਦੌਰਾਨ ਆਮ ਆਦਮੀ ਪਾਰਟੀ 'ਤੇ ਵਰ੍ਹਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਹਾਲਤ ਸੰਗਰੂਰ ਲੋਕ ਸਭਾ ਚੋਣ ਵਿੱਚ ਜੋ ਹੋਈ ਸੀ, ਉਹੀ ਹਾਲ ਜਲੰਧਰ ਦੀ ਇਸ ਲੋਕ ਸਭਾ ਚੋਣ ਵਿੱਚ ਹੋਵੇਗੀ। ਆਮ ਆਦਮੀ ਪਾਰਟੀ ਦੇ ਪੰਜਾਬ ਵਿੱਚ 92 ਵਿਧਾਇਕ ਹਨ, ਪਰ ਫਿਰ ਵੀ ਮੁੱਖ ਮੰਤਰੀ ਭਗਵੰਤ ਮਾਨ ਦੇ ਆਪਣੇ ਹਲਕੇ ਵਾਲੀ ਸੰਗਰੂਰ ਲੋਕ ਸਭਾ ਸੀਟ ਹਾਰ ਜਾਣਾ ਬਹੁਤ ਹੀ ਸ਼ਰਮ ਵਾਲੀ ਗੱਲ ਹੈ। ਆਮ ਆਦਮੀ ਪਾਰਟੀ ਨੂੰ ਜਲੰਧਰ ਵਿੱਚ ਚੋਣ ਲੜਨ ਲਈ ਵੀ ਕੋਈ ਚਿਹਰਾ ਨਹੀਂ ਲੱਭਾ ਆਮ ਆਦਮੀ ਪਾਰਟੀ ਨੂੰ ਕਿਉਂ ਇੱਕ ਕਾਂਗਰਸੀ ਨੂੰ ਆਪਣਾ ਉਮੀਦਵਾਰ ਬਣਾਉਣਾ ਪਿਆ ਅਤੇ ਉਹ ਵੀ ਚੋਣ ਹਾਰਿਆ ਹੋਇਆ। ਜਨਤਾ ਸਭ ਕੁਝ ਦੇਖ ਅਤੇ ਸਮਝ ਰਹੀ ਹੈ। ਵਰਕਰਾਂ ਦੀ ਮਿਹਨਤ ਸਦਕਾ ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਇਸ ਚੋਣ ਵਿਚ ਜਨਤਾ ਦੇ ਸਮਰਥਨ ਨਾਲ ਜਿੱਤ ਪ੍ਰਾਪਤ ਕਰਨਗੇ।

12,000 ਰੁਪਏ ਰਿਸ਼ਵਤ ਲੈਣ 'ਤੇ ਜੇ ਈ ਗ੍ਰਿਫ਼ਤਾਰ

ਚੰਡੀਗੜ੍ਹ (ਗੁਰਜੀਤ ਬਿੱਲਾ)—ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਰਿਸ਼ਵਤਖੋਰੀ ਵਿਰੁੱਧ ਜਾਰੀ ਮੁਹਿਮ ਦੌਰਾਨ ਰਾਜਨ ਕੁਮਾਰ ਜੇ.ਈ. ਬਿਜਲੀ ਉਪ ਮੰਡਲ-2, ਪੰਜਾਬ ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ ਸ਼ਾਖਾ) ਬਠਿੰਡਾ ਨੂੰ 12,000 ਰੁਪਏ ਹਾਸਲ ਕਰਨ ਅਤੇ 7,000 ਰੁਪਏ ਹੋਰ ਰਿਸ਼ਵਤ ਦੀ ਮੰਗ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮ ਨੂੰ ਗੁਰਮੇਲ ਸਿੰਘ ਵਾਸੀ ਮੌੜ ਮੰਡੀ, ਜ਼ਿਲ੍ਹਾ ਬਠਿੰਡਾ ਵੱਲੋਂ ਮੁੱਖ ਮੰਤਰੀ ਦੀ ਐਂਟੀ ਕੁਰੱਪਸ਼ਨ ਐਕਸ਼ਨ ਲਾਈਨ ਉਪਰ ਕੀਤੀ ਗਈ ਆਨਲਾਈਨ ਸ਼ਿਕਾਇਤ ਦੇ ਆਧਾਰ ਉਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਉਕਤ ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਗਿਆ ਹੈ ਕਿ ਉਕਤ ਜੇ.ਈ. ਵੱਲੋਂ ਪਿੰਡ ਕਰਾੜਵਾਲਾ, ਜ਼ਿਲ੍ਹਾ ਬਠਿੰਡਾ ਵਿਖੇ ਮੁਹੱਲਾ ਕਲੀਨਿਕ ਦੀ ਮੁਰੰਮਤ ਦੇ ਕੀਤੇ ਗਏ ਕੰਮਾਂ ਸਬੰਧੀ ਅਤੇ ਬਿਜਲੀ ਦੇ ਬਿੱਲਾਂ ਨੂੰ ਪਾਸ ਕਰਨ ਬਦਲੇ ਕੁੱਲ ਰਕਮ ਦੇ 5 ਫੀਸਦ ਦੇ ਹਿਸਾਬ ਨਾਲ 12,000 ਰੁਪਏ ਬਤੌਰ ਰਿਸ਼ਵਤ ਸ਼ਿਕਾਇਤਕਰਤਾ ਦੇ ਪਿਤਾ ਡਿਪਟੀ ਸਿੰਘ ਪਾਸੋਂ ਹਾਸਲ ਕਰ ਚੁੱਕਾ ਹੈ ਅਤੇ 3 ਫੀਸਦ ਦੇ ਹਿਸਾਬ ਨਾਲ ਹੋਰ 7000 ਰੁਪਏ ਹੋਰ ਰਿਸ਼ਵਤ ਦੀ ਮੰਗ ਕੀਤੀ ਹੈ ਜਿਸਦੀ ਸ਼ਿਕਾਇਤਕਰਤਾ ਵੱਲੋਂ ਰਿਕਾਰਡਿੰਗ ਕਰ ਲਈ ਸੀ ਜੋ ਉਸਨੇ ਵਿਜੀਲੈਂਸ ਨੂੰ ਬਤੌਰ ਸਬੂਤ ਦੇ ਦਿੱਤੀ ਹੈ। ਬੁਲਾਰੇ ਨੇ ਦੱਸਿਆ ਵਿਜੀਲੈਂਸ ਬਿਊਰੋ ਵੱਲੋਂ ਇਸ ਸ਼ਿਕਾਇਤ ਦੀ ਪੜਤਾਲ ਦੌਰਾਨ ਉਕਤ ਦੋਸ਼ੀ ਵੱਲੋਂ ਸ਼ਿਕਾਇਤਕਰਤਾ ਉਕਤ ਪਾਸੋਂ ਰਿਸ਼ਵਤ ਹਾਸਲ ਕਰਨ ਅਤੇ ਹੋਰ ਰਿਸ਼ਵਤ ਦੀ ਮੰਗ ਕਰਨਾ ਸਹੀ ਪਾਇਆ ਗਿਆ, ਜਿਸ ਦੇ ਆਧਾਰ ਉਤੇ ਰਾਜਨ ਕੁਮਾਰ ਜੇ.ਈ. ਦੇ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਥਾਣਾ ਵਿਜੀਲੈਂਸ ਬਿਊਰੋ ਰੇਂਜ਼ ਬਠਿੰਡਾ ਵਿਖੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਕਚਹਿਰੀ 'ਚ ਜਾਅਲੀ ਸਰਟੀਫੀਕੇਟ ਤੇ ਆਰ ਸੀ ਤਿਆਰ ਕਰਨ ਵਾਲਾ ਕਾਬੂ

ਫਿਲੌਰ (ਨਿਰਮਲ)- ਇੰਸਪੈਕਟਰ ਹਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਫਿਲੌਰ ਦੀ ਟੀਮ ਨੇ ਇੱਕ ਵਿਅਕਤੀ ਨੂੰ ਜਾਅਲੀ ਸਰਟੀਫਿਕੇਟ, ਲੈਪਟਾਪ, ਸਕੈਨਰ ਸਮੇਤ ਗ੍ਰਿਫ਼ਤਾਰ ਕੀਤਾ ਹੈ। ਜਗਦੀਸ਼ ਰਾਜ ਪੀ.ਪੀ.ਐਸ ਉਪ ਪੁਲਸ ਕਪਤਾਨ ਸਬ ਡਵੀਜਨ ਫਿਲੌਰ ਨੇ ਦੱਸਿਆ ਕਿ ਸਬ ਇੰਸਪੈਕਟਰ ਪਰਮਜੀਤ ਸਿੰਘ ਵੱਲੋਂ ਮੁਹੰਮਦ ਸਦੀਕ ਪੁੱਤਰ ਖੁਦਾਬਖਸ਼ ਵਾਸੀ ਬੜ੍ਹਾ ਪਿੰਡ ਥਾਣਾ ਗੁਰਾਇਆ ਜ਼ਿਲ੍ਹਾ ਜਲੰਧਰ ਨੇ ਆਪਣੇ ਬਿਆਨਾਂ ਵਿੱਚ ਲਿਖਾਇਆ ਸੀ ਕਿ ਉਸਨੇ ਵਿਜੈ ਕੁਮਾਰ ਮੋਮੀ ਵਾਸੀ ਭਾਰਸਿੰਗਪੁਰਾ ਥਾਣਾ ਫਿਲੌਰ ਨੂੰ ਗੱਡੀ ਦੀ ਆਰ.ਸੀ ਰੀਨਿਊ ਕਰਾਵਾਉਣ ਲਈ ਦਿੱਤੀ ਸੀ ਅਤੇ ਉਸਦੇ ਬਣਦੀ ਰਕਮ ਵਿਜੈ ਕੁਮਾਰ ਨੂੰ ਦੇ ਦਿੱਤੀ ਸੀ ਇਸਦੇ ਬਾਵਜੂਦ ਵਿਜੈ ਕੁਮਾਰ ਮੋਮੀ ਨੇ ਉਸਨੂੰ ਜਾਅਲੀ ਆਰ.ਸੀ ਤਿਆਰ ਕਰਕੇ ਦੇ ਦਿੱਤੀ ਜਿਸ 'ਤੇ ਮੁਕੱਦਮਾ ਨੰਬਰ 93 ਮਿਤੀ 20.04.2023 ਜੁਰਮ 420/465/468/471 /474/120ਬੀ ਭ:ਦ: ਥਾਣਾ ਫਿਲੌਰ ਦਰਜ ਕੀਤਾ ਗਿਆ ਸੀ। ਜੋ ਮੌਕਾ ਪਰ ਪੁੱਜ ਕੇ ਤੁਰੰਤ ਪ੍ਰਭਾਵੀ ਕਾਰਵਾਈ ਕਰਦੇ ਹੋਏ ਦਸਰਥ ਉਰਫ ਦੀਸੂ ਪੁੱਤਰ ਪੂਰਨ ਲਾਲ ਵਾਸੀ ਮਾਤਾ ਕਲਸੀ ਨਗਰ ਥਾਣਾ ਫਿਲੌਰ ਜ਼ਿਲ੍ਹਾ ਜਲੰਧਰ ਨੂੰ ਨੂੰ ਗ੍ਰਿਫ਼ਤਾਰ ਕਰਕੇ ਇਸਦੇ ਕਬਜ਼ੇ ਵਿੱਚੋਂ ਜਾਅਲੀ ਸਰਟੀਫਿਕੇਟ, ਲੈਪਟਾਪ ਅਤੇ ਸਕੈਨਰ ਬਰਾਮਦ ਕੀਤੇ ਗਏ ਹਨ। ਵਿਜੈ ਕੁਮਾਰ ਮੋਮੀ ਪੁਲਸ ਦੀ ਗ੍ਰਿਫ਼ਤ ਤੋਂ ਅਜੇ ਬਾਹਰ ਹੈ।

ਵੱ

23-APRIL-PAGE-8.qxd 4/22/2023 9:26 PM Page 1

ਮਮਦੋਟ ਇਲਾਕੇ ਦੀਆਂ ਮੰਡੀਆਂ 'ਚੋਂ ਕਣਕ ਦੀ ਢੋਆ-ਢੁਆਈ ਦਾ ਟੈਂਡਰ ਹੋਇਆ ਕੈਂਸਲ

ਟਰੱਕ ਆਪਰੇਟਰਾਂ, ਆੜ੍ਹਤੀਆਂ ਤੇ ਕਿਸਾਨ ਜਥੇਬੰਦੀਆਂ ਨੇ ਟੈਂਡਰ ਦੇ ਵਿਰੋਧ 'ਚ ਪੰਜ ਦਿਨਾਂ ਤੋਂ ਲਗਾਇਆ ਸੀ ਧਰਨਾ

ਮਮਦੋਟ (ਜਸਬੀਰ ਸਿੰਘ ਕੰਬੋਜ)

ਮਮਦੋਟ ਇਲਾਕੇ ਦੀਆਂ ਅਨਾਜ ਮੰਡੀਆਂ ਵਿੱਚੋਂ ਕਣਕ ਦੀ ਢੋਆ-ਢੁਆਈ ਸਬੰਧੀ ਕਿਸੇ ਬਾਹਰੀ ਵਿਅਕਤੀ ਵੱਲੋਂ ਟੈਂਡਰ ਹਾਸਲ ਕਰ ਲਏ ਜਾਣ ਤੋਂ ਬਾਅਦ ਸ਼ੁਰੂ ਹੋਇਆ ਵਿਵਾਦ ਪਿਛਲੇ ਪੰਜ ਦਿਨਾਂ ਤੋਂ ਲਗਾਤਾਰ ਗਰਮਾਇਆ ਹੋਇਆ ਹੈ। ਬੋਸ਼ੱਕ ਕਣਕ ਦੀ ਖਰੀਦ 12 ਅਪ੍ਰੈਲ ਤੋਂ ਸ਼ੁਰੂ ਹੋ ਗਈ ਸੀ ਤੇ ਖਰੀਦ ਇੰਸਪੈਕਟਰਾਂ ਵੱਲੋਂ ਲਗਾਤਾਰ ਕਣਕ ਦੀ ਖਰੀਦ ਕੀਤੀ ਜਾ ਰਹੀ ਹੈ, ਪਰ ਢੋਆ-ਢੁਆਈ ਸਬੰਧੀ ਹੋਏ ਟੈਂਡਰ ਦੇ ਰੇੜਕੇ ਦੇ ਚਲਦਿਆਂ ਅੱਜ ਤੱਕ ਮੁੱਖ ਅਨਾਜ ਮੰਡੀ ਮਮਦੋਟ ਤੇ ਇਸ ਦੇ ਨਾਲ ਲੱਗਦੇ ਖਰੀਦ ਕੇਂਦਰਾਂ ਵਿੱਚੋਂ ਇੱਕ ਗੱਟਾ ਕਣਕ ਵੀ ਲੋਡ ਨਹੀਂ ਹੋ ਸਕੀ ਸੀ, ਜਿਸ ਕਾਰਨ ਮਮਦੋਟ ਮੰਡੀ ਵਿੱਚ ਦੋ ਲੱਖ ਤੋਂ ਉੱਪਰ ਬੋਰੀਆਂ ਦੇ ਅੰਬਾਰ ਲੱਗੇ ਹੋਏ ਹਨ। ਇਸ ਵਿਵਾਦ ਦੇ ਚੱਲਦਿਆਂ ਮਾਰਕੀਟ ਕਮੇਟੀ ਦੇ ਗੇਟ 'ਤੇ ਟਰੱਕ ਆਪ੍ਰੇਟਰਾਂ, ਆੜ੍ਹਤੀਆਂ ਤੇ ਹੱਕ ਵਿੱਚ ਉੱਤਰੀਆਂ ਕਿਸਾਨ ਜਥੇਬੰਦੀਆਂ ਵੱਲੋਂ ਧਰਨੇ ਦੇ ਅੱਜ ਪੰਜਵੇਂ ਦਿਨ ਮੁੱਖ ਗੇਟ ਦੇ ਅੱਗੇ ਟੈਂਟ ਲਗਾ ਕੇ ਗੇਟ ਬੰਦ ਕਰ ਦਿੱਤਾ ਗਿਆ। ਇਸ ਧਰਨੇ 'ਤੇ ਜ਼ੋਰਦਾਰ ਪ੍ਰਦਰਸ਼ਨ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੱਕ ਆਪ੍ਰੇਟਰ ਦਲਜੀਤ ਸਿੰਘ ਮਮਦੋਟ, ਸੁਖਚੈਨ ਸਿੰਘ ਜੋਧਪੁਰ, ਚਾਨਣ ਸਿੰਘ, ਕਿੱਕਰ ਸਿੰਘ, ਰਾਕੇਸ਼ ਕੁਮਾਰ, ਸੁਖਦੇਵ ਸਿੰਘ, ਗੁਰਮੀਤ ਸਿੰਘ, ਸਾਬਕਾ ਸਰਪੰਚ ਬੋਹੜ ਸਿੰਘ ਛਾਂਗਾ ਖੁਰਦ ਅਦਿ ਨੇ ਦੱਸਿਆ ਕਿ ਢੋਆ-ਢੋਆਈ ਦਾ ਟੈਂਡਰ ਫਿਰੋਜ਼ਪੁਰ ਵਿਖੇ ਮੁਨਿਆਰੀ ਦੀ ਦੁਕਾਨ ਕਰਨ ਵਾਲੇ ਇੱਕ ਵਿਅਕਤੀ ਵੱਲੋਂ ਪਾਇਆ ਗਿਆ ਹੈ, ਜਿਸ ਦਾ ਕਿ ਸਾਡੇ ਕਾਰੋਬਾਰ ਨਾਲ ਕੋਈ ਸਬੰਧ ਨਹੀਂ। ਉਨ੍ਹਾਂ ਦੱਸਿਆ ਕਿ ਉਸ ਵੱਲੋਂ ਘੱਟ ਰੇਟ 'ਤੇ ਢੋਆ ਢੋਆਈ ਦਾ ਟੈਂਡਰ ਪਾ ਕੇ ਟੈਂਡਰ ਤਾਂ ਹਾਸਲ

ਅਨਾਜ ਮੰਡੀ ਮਮਦੋਟ ਵਿਖੇ ਸਾਂਝੀ ਕਮੇਟੀ ਦੀ ਸਟੇਜ ਤੋਂ ਟੈਂਡਰ ਕੈਂਸਲ ਕਰਨ ਦਾ ਐਲਾਨ ਕਰਦੇ ਹੋਏ ਅਰਵਿੰਦ ਪ੍ਰਕਾਸ਼ ਵਰਮਾ ਐੱਸ ਡੀ ਐੱਮ ਫਿਰੋਜ਼ਪੁਰ ਤੇ (ਹੇਠਾਂ) ਮੰਡੀ ਦੇ ਮੁੱਖ ਗੇਟ 'ਤੇ ਲਗਾਏ ਧਰਨੇ ਦਾ ਦ੍ਰਿਸ਼ ਤੇ ਪੁਲਸ ਫੋਰਸ ਦੀ ਤਸਵੀਰ।

ਕਰ ਲਿਆ ਗਿਆ, ਪਰ ਟੈਂਡਰ ਹਾਸਲ ਕਰਨ ਵਾਲੇ ਵਿਅਕਤੀ ਪਾਸ ਕੋਈ ਟਰੱਕ ਟਰਾਲਾ ਵਗੈਰਾ ਨਹੀਂ ਹੈ ਅਤੇ ਨਾ ਹੀ ਉਸ ਕੋਲ ਕੋਈ ਟਰਾਂਸਪੋਰਟ ਸਬੰਧੀ ਤਜਰਬਾ ਹੈ। ਟਰੱਕ ਆਪ੍ਰੇਟਰਾਂ ਨੇ ਕਿਹਾ ਕਿ ਬਾਹਰੀ ਟੈਂਡਰਕਾਰ ਤੋਂ ਉਨ੍ਹਾਂ ਨੂੰ ਕਿਰਾਏ ਦੀ ਰਕਮ ਮਿਲਣ ਦੀ ਕੋਈ ਉਮੀਦ ਨਹੀਂ ਹੈ, ਇਸ ਲਈ ਉਹ ਨਾ ਤਾਂ ਬਾਹਰੀ ਟੈਂਡਰਕਾਰ ਦਾ ਮਾਲ ਢੋਹਣਗੇ ਤੇ ਨਾ ਹੀ ਕਿਸੇ ਬਾਹਰੀ ਟਰੱਕ ਨੂੰ ਇਸ ਇਲਾਕੇ ਦੀਆਂ ਮੰਡੀਆਂ ਵਿੱਚੋਂ ਮਾਲ ਚੁੱਕਣ ਦੇਣਗੇ, ਭਾਵੇਂ ਉਨ੍ਹਾਂ ਨੂੰ ਇਸ ਲਈ ਕੋਈ ਵੀ ਕੁਰਬਾਨੀ ਕਰਨੀ ਪਵੇ। ਇਸ ਵਿਵਾਦ ਦੇ ਚੱਲਦਿਆਂ ਟਰੱਕ ਆਪ੍ਰੇਟਰਾਂ ਤੇ ਆੜ੍ਹਤੀਆਂ ਨੂੰ ਇੰਨਸਾਫ ਦਿਵਾਉਣ ਲਈ ਆੜ੍ਹਤੀਆਂ, ਟਰੱਕ ਆਪ੍ਰੇਟਰਾਂ ਤੇ ਕਿਸਾਨ ਜਥੇਬੰਦੀਆਂ ਦੀ ਸਾਂਝੀ ਕਮੇਟੀ ਦਾ ਗਠਨ ਕੀਤਾ, ਜਿਸ ਵਿੱਚ ਆੜ੍ਹਤੀਆ ਯੂਨੀਅਨ ਦੇ ਮੇਜਰ ਸਿੰਘ ਟਿੱਬੀ ਕਲਾਂ ਤੇ ਰਾਕੇਸ਼ ਕੁਮਾਰ ਮੈਣੀ, ਟਰੱਕ ਆਪ੍ਰੇਟਰਾਂ ਵੱਲੋਂ ਚਾਣਨ ਸਿੰਘ ਤੇ ਸੁਖਚੈਨ ਸਿੰਘ ਜੋਧਪੁਰ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਵੱਲੋਂ ਜੁਗਰਾਜ ਸਿੰਘ ਤੇ ਮਨਪ੍ਰੀਤ ਸਿੰਘ, ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਵੱਲੋਂ ਗੁਰਮੀਤ ਸਿੰਘ ਭੁੱਲਰ ਘੋੜੇ ਚੱਕ ਤੇ ਗੁਰਸੇਵਕ ਸਿੰਘ ਧਾਲੀਵਾਲ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਵੱਲੋਂ ਦਰਸ਼ਨ ਸਿੰਘ ਕੜਮਾ ਤੇ ਹਰਬੰਸ ਸਿੰਘ ਜੋਧਪੁਰ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਵੱਲੋਂ ਗੁਰਭੇਜ ਸਿੰਘ ਆਦਿ ਸਾਂਝੀ ਕਮੇਟੀ ਮਮਦੋਟ ਮੰਡੀ ਦਾ ਮੈਂਬਰ ਚੁਣਿਆ ਗਿਆ। ਇਸ ਵਿਵਾਦ ਦੇ ਚਲਦਿਆਂ ਕਿਸੇ ਅਣਸੁਖਾਵੀਂ ਘਟਨਾ ਨੂੰ ਵਾਪਰਨ ਤੋਂ ਰੋਕਣ ਵਾਸਤੇ ਅੱਜ ਡੀ ਐੱਸ ਪੀ ਸੰਦੀਪ ਸਿੰਘ ਦੀ ਅਗਵਾਈ ਵਿੱਚ ਮਾਰਕੀਟ ਕਮੇਟੀ ਦਫਤਰ ਮਮਦੋਟ ਵਿਖੇ ਭਾਰੀ ਪੁਲਸ ਫੋਰਸ ਤਾਇਨਾਤ ਕੀਤੀ ਗਈ ਸੀ। ਵਿਵਾਦ ਦੇ ਨਿਪਟਾਰੇ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਅਰਵਿੰਦ ਪ੍ਰਕਾਸ਼ ਵਰਮਾ ਐੱਸ ਡੀ ਐੱਮ ਫਿਰੋਜ਼ਪੁਰ ਵੱਲੋਂ ਸਾਂਝੀ ਕਮੇਟੀ ਨਾਲ ਵਿਚਾਰ ਸਾਂਝੇ ਕਰਨ ਉਪਰੰਤ ਕਣਕ ਦੀ ਢੋਆ ਢੁਆਈ ਲਈ ਪਹਿਲਾਂ ਹੋਇਆ ਟੈਂਡਰ ਕੈਂਸਲ ਕਰਨ ਦਾ ਐਲਾਨ ਕਰ ਦਿੱਤਾ ਗਿਆ। ਸਾਂਝੀ ਕਮੇਟੀ ਦੀ ਸਟੇਜ ਤੋਂ ਸੰਬੋਧਨ ਕਰਦਿਆਂ ਪਹਿਲੇ ਹੋਏ ਟੈਂਡਰ ਨੂੰ ਕੈਂਸਲ ਕਰਨ ਦਾ ਐਲਾਨ ਕਰਦਿਆਂ ਉਨ੍ਹਾ ਕਿਹਾ ਕਿ ਕਣਕ ਦੀ ਢੋਆ ਢੁਆਈ ਵਾਸਤੇ ਅਗਲਾ ਫੈਸਲਾ ਸਾਂਝੀ ਕਮੇਟੀ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਕੀਤਾ ਜਾਵੇਗਾ। ਇਸ ਮੌਕੇ ਵੱਡੀ ਗਿਣਤੀ ਵਿੱਚ ਆੜ੍ਹਤੀਏ, ਟਰੱਕ ਆਪ੍ਰੇਟਰ ਤੇ ਕਿਸਾਨਾਂ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।

ਵਿਜੈ ਕਥੂਰੀਆ ਨਮਿਤ ਅੰਤਿਮ ਅਰਦਾਸ ਅੱਜ

ਮਲੋਟ (ਗੁਰਮੀਤ ਸਿੰਘ ਮੱਕੜ)

ਮਾਡਰਨ ਟੈਂਟ ਹਾਊਸ ਦੇ ਸੰਚਾਲਕ, ਟੈਂਟ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ, ਰਿਸ਼ਭ ਕਥੂਰੀਆ ਦੇ ਚਾਚਾ ਤੇ ਅਵਨੀਤ ਕਥੂਰੀਆ ਦੇ ਪਿਤਾ ਵਿਜੈ ਕਥੂਰੀਆ ਬੀਤੇ ਦਿਨੀਂ ਸਵਰਗਵਾਸ ਹੋ ਗਏ। ਉਨ੍ਹਾ ਦੀ ਮੌਤ ਸੀਵਰੇਜ ਬੋਰਡ ਦੇ ਇੰਜੀਨੀਅਰ ਰਾਕੇਸ਼ ਮੋਹਨ ਮੱਕੜ, ਰੈਡੀਮੇਡ ਯੂਨੀਅਨ ਦੇ ਪ੍ਰਧਾਨ ਪਾਲੀ ਮੱਕੜ, ਪ੍ਰੈੱਸ ਕਲੱਬ ਦੇ ਪ੍ਰਧਾਨ ਗੁਰਮੀਤ ਸਿੰਘ ਮੱਕੜ, ਰੋਹਿਤ ਕਾਲੜਾ, ਸਮਾਜਸੇਵੀ ਵਰਿੰਦਰਪਾਲ ਸਿੰਘ ਬਜਾਜ, ਪ੍ਰੇਮ ਸੱਚਦੇਵਾ, ਡੀ.ਏ.ਵੀ. ਮੈਨੇਜਿੰਗ ਕਮੇਟੀ ਦੇ ਚੇਅਰਮੈਨ ਰਵੀ ਛਾਬੜਾ, ਬੈਂਕ ਮੈਨੇਜਰ ਕੁਲਦੀਪ ਮਦਾਨ, ਓਮ ਪ੍ਰਕਾਸ਼ ਕਾਲਾ, ਬੱਬਲੂ ਚਰਾਇਆ ਆਦਿ ਨੇ ਕਥੂਰੀਆ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਸਵ. ਵਿਜੈ ਕਥੂਰੀਆ ਨਮਿੱਤ ਅੰਤਿਮ ਅਰਦਾਸ ਤੇ ਪਾਠ ਦਾ ਭੋਗ 23 ਅਪ੍ਰੈਲ ਨੂੰ ਦੁਪਹਿਰ 12 ਤੋਂ 1 ਵਜੇ ਤੱਕ ਪੁੱਡਾ ਕਲੋਨੀ ਦੇ ਗੁਰਦੁਆਰਾ ਸਾਹਿਬ ਵਿਖੇ ਪਵੇਗਾ।

ਸਵ. ਵਿਜੈ ਕਥੂਰੀਆ ਦੀ ਫਾਈਲ ਫੋਟੋ।

ਹਲਕਾ ਮਹਿਲ ਕਲਾਂ ਦੀਆਂ ਮੰਡੀਆਂ 'ਚ ਲੱਗੇ ਕਣਕ ਦੇ ਅੰਬਾਰ, ਕਿਸਾਨ ਹੋ ਰਹੇ ਖੱਜਲ ਖੁਆਰ

ਕਣਕ ਦੀ ਲਿਫਟਿੰਗ ਨਾ ਹੋਣ 'ਤੇ ਭਾਕਿਯੂ ਡਕੌਂਦਾ ਵੱਲੋਂ ਨਾਅਰੇਬਾਜ਼ੀ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)

ਪੰਜਾਬ ਅੰਦਰ ਕਿਸਾਨਾਂ ਨੂੰ ਅਨੇਕਾਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਹਿਲਾਂ ਬੇਮੌਸਮੇ ਮੀਂਹ ਨੇ ਫਸਲਾਂ ਦੀ ਵੱਡੀ ਪੱਧਰ 'ਤੇ ਬਰਬਾਦੀ ਕੀਤੀ। ਕੇਂਦਰ ਸਰਕਾਰ ਨੇ 6 ਫੀਸਦੀ ਤੋਂ ਵੱਧ ਮਾਜੂ ਪਏ ਦਾਣੇ ਵਾਲੀ ਕਣਕ ਖ਼ਰੀਦਣ ਦਾ ਐਲਾਨ ਤਾਂ ਕਰ ਦਿੱਤਾ, ਪਰ ਨਾਲ ਹੀ 31.87 ਪੈਸੇ ਤੱਕ ਕੱਟ ਲਾਉਣ ਦਾ ਤੁਗਲਕੀ ਫਰਮਾਨ ਜਾਰੀ ਕਰ ਦਿੱਤਾ।

ਪੰਜਾਬ ਸਰਕਾਰ ਨੇ ਕਿਸਾਨਾਂ ਦੇ ਸੰਘਰਸ਼ ਅੱਗੇ ਝੁਕਦਿਆਂ ਭਲੇ ਹੀ ਇਸ ਨੁਕਸਾਨ ਦੀ ਪੂਰਤੀ ਕਰਨ ਦਾ ਐਲਾਨ ਕਰ ਦਿੱਤਾ ਹੈ, ਪਰ ਊਠ ਦਾ ਇਹ ਲਮਕਦਾ ਬੁੱਲ੍ਹ ਕਦੋਂ ਡਿੱਗੇਗਾ, ਕੋਈ ਪਤਾ ਨਹੀਂ। ਸਰਕਾਰਾਂ ਦੇ ਵਾਅਦਿਆਂ ਨੂੰ ਹਕੀਕਤ ਵਿੱਚ ਬਦਲਣ ਲਈ ਸੰਘਰਸ਼ ਦਾ ਰਸਤਾ ਅਖਤਿਆਰ ਕਰਨਾ ਪੈਂਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਕਿਯੂ ਡਕੌਂਦਾ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਜ਼ਿਲ੍ਹਾ ਮੀਤ ਪ੍ਰਧਾਨ ਜਗਰਾਜ ਸਿੰਘ ਹਰਦਾਸਪੁਰਾ ਤੇ ਨਾਨਕ ਸਿੰਘ ਅਮਲਾ ਸਿੰਘ ਵਾਲਾ ਨੇ ਕੀਤਾ। ਆਗੂਆਂ ਨੇ ਕਿਹਾ ਕਿ ਮਹਿਲ ਕਲਾਂ ਬਲਾਕ ਦੀਆਂ ਅਨਾਜ ਮੰਡੀਆਂ ਕਣਕ ਨਾਲ ਨੱਕੋ-ਨੱਕ ਭਰ ਗਈਆਂ ਹਨ। ਖਰੀਦ ਏਜੰਸੀਆਂ ਦੀ ਸੁਸਤ ਰਫਤਾਰ ਤੇ ਟਰੱਕਾਂ ਵਾਲਿਆਂ ਦੀ ਆਨਾਕਾਨੀ ਕਾਰਨ ਕਿਸਾਨਾਂ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸਰਕਾਰ ਤੇ ਪ੍ਰਸ਼ਾਸਨਕ ਅਧਿਕਾਰੀ ਮੂਕ ਦਰਸ਼ਕ ਬਣ ਕੇ ਬੈਠੇ ਹੋਏ ਹਨ। ਹਫਤੇ ਤੋਂ ਵੱਧ ਸਮਾਂ ਕਿਸਾਨਾਂ ਨੂੰ ਮੰਡੀਆਂ ਵਿੱਚ ਬੈਠਿਆਂ ਬੀਤ ਗਿਆ ਹੈ, ਉੱਪਰੋਂ ਮੌਸਮ ਖਰਾਬ ਹੋਣ ਦੇ ਡਰ ਨੇ ਕਿਸਾਨਾਂ ਨੂੰ ਫਿਕਰਾਂ ਵਿੱਚ ਪਾਇਆ ਹੋਇਆ ਹੈ। ਕਿਸਾਨਾਂ ਦੀ ਇਸ ਮੁਸ਼ਕਲ ਸਬੰਧੀ ਬੀਕੇਯੂ ਡਕੌਂਦਾ ਦੇ ਵਫਦ ਨੇ ਡੀ ਸੀ ਬਰਨਾਲਾ ਨੂੰ ਮਿਲ ਕੇ ਮਸਲੇ ਦਾ ਹੱਲ ਕਰਨ 'ਤੇ ਜ਼ੋਰ ਦਿੱਤਾ।

ਕਿਸਾਨ ਆਗੂਆਂ ਅਮਰਜੀਤ ਸਿੰਘ ਠੁੱਲੀਵਾਲ, ਭਾਗ ਸਿੰਘ ਕੁਰੜ, ਸੁਖਦੇਵ ਸਿੰਘ ਕੁਰੜ, ਗੋਪਾਲ ਕ੍ਰਿਸ਼ਨ ਹਮੀਦੀ, ਰਾਜ ਸਿੰਘ ਹਮੀਦੀ, ਨਿਰਮਲ ਸਿੰਘ ਤੇ ਲਾਲ ਸਿੰਘ ਅਮਲਾ ਸਿੰਘ ਵਾਲਾ ਨੇ ਮੰਗ ਕੀਤੀ ਕਿ ਪ੍ਰਸ਼ਾਸਨ ਕਣਕ ਦੀ ਲਿਫਟਿੰਗ ਦਾ ਜਲਦ ਪ੍ਰਬੰਧ ਕਰਕੇ ਖਰੀਦ ਵਿੱਚ ਤੇਜ਼ੀ ਲਿਆਉਣ ਲਈ ਖਰੀਦ ਏਜੰਸੀਆਂ ਨੂੰ ਹਦਾਇਤ ਕਰੇ। ਕਿਸਾਨ ਆਗੂਆਂ ਨੇ ਚਿਤਾਵਨੀ ਸੁਰ 'ਚ ਕਿਹਾ ਕਿ ਕਣਕ ਦੀ ਖਰੀਦ ਦਾ ਮਾਮਲਾ ਜਲਦ ਹੱਲ ਨਾ ਹੋਣ ਦੀ ਸੂਰਤ ਵਿੱਚ ਜਥੇਬੰਦੀ ਵੱਲੋਂ ਜ਼ਿਲ੍ਹਾ ਪੱਧਰ ਦਾ ਸੰਘਰਸ਼ ਉਲੀਕਿਆ ਜਾਵੇਗਾ।

ਮੁੱਖ ਮੰਤਰੀ ਦੀ ਪਤਨੀ ਨੇ ਭਸੌੜ ਪੁੱਜ ਕੇ ਮੁਸਲਿਮ ਭਰਾਵਾਂ ਨੂੰ ਈਦ ਦੀਆਂ ਦਿੱਤੀਆਂ ਮੁਬਾਰਕਾਂ

ਮੁਸਲਿਮ ਭਾਈਚਾਰੇ ਨੂੰ ਈਦ ਦੀਆਂ ਮੁਬਾਰਕਾਂ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਦੀ ਧਰਮਪਤਨੀ ਡਾ. ਗੁਰਪ੍ਰੀਤ ਕੌਰ।

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ, ਸੁਖਦੇਵ ਧੂਰੀ)-ਅੱਜ ਈਦ-ਉੱਲ-ਫ਼ਿਤਰ ਦੇ ਮੌਕੇ 'ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਧਰਮਪਤਨੀ ਡਾ. ਗੁਰਪ੍ਰੀਤ ਕੌਰ ਨੇ ਪਿੰਡ ਭਸੌੜ ਵਿਖੇ ਪੁੱਜ ਕੇ ਮੁਸਲਿਮ ਭਾਈਚਾਰੇ ਨੂੰ ਈਦ ਦੀਆਂ ਮੁਬਾਰਕਾਂ ਦਿੱਤੀਆਂ। ਆਮ ਆਦਮੀ ਪਾਰਟੀ ਘੱਟ ਗਿਣਤੀ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਡਾ. ਅਨਵਰ ਭਸੌੜ ਦੀ ਅਗਵਾਈ ਹੇਠ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਭਸੌੜ ਨੇ ਕਿਹਾ ਕਿ ਜਿੱਥੇ ਰੋਜ਼ੇ ਮਨੁੱਖ ਨੂੰ ਸੰਜਮ ਵਿੱਚ ਰਹਿਣ ਦੀ ਜਾਚ ਸਿਖਾਉਂਦੇ ਹਨ, ਉਥੇ ਮਨੁੱਖ ਦੀ ਸੋਚ ਨੂੰ ਪਾਕ ਤੇ ਪਵਿੱਤਰ ਕਰਦਿਆਂ ਸਮੁੱਚੀ ਮਨੁੱਖਤਾ ਦੀ ਭਲਾਈ ਲਈ ਸੋਚਣ ਲਈ ਪ੍ਰੇਰਦੇ ਹਨ। ਇਸ ਮੌਕੇ ਮੁੱਖ ਮੰਤਰੀ ਪੰਜਾਬ ਦੇ ਓ.ਐੱਸ.ਡੀ. ਪ੍ਰੋਫਸਰ ਉਂਕਾਰ ਸਿੰਘ ਸਿੱਧੂ ਵੀ ਹਾਜ਼ਰ ਸਨ।

ਡਾ. ਗੁਰਪ੍ਰੀਤ ਕੌਰ ਮਾਨ ਨੇ ਜਿੱਥੇ ਇਸ ਦਿਨ ਦੀਆਂ ਮੁਸਲਿਮ ਭਾਈਚਾਰੇ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ, ਉਥੇ ਉਨ੍ਹਾ ਕਿਹਾ ਕਿ ਹਰ ਵਰਗ ਦੇ ਲੋਕਾਂ ਨੂੰ ਇਹ ਤਿਉਹਾਰ ਮਿਲ ਕੇ ਮਨਾਉਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਭਾਰਤ ਇੱਕ ਇੱਕ ਅਜਿਹਾ ਦੇਸ਼ ਹੈ, ਜਿੱਥੇ ਸਭ ਧਰਮਾਂ ਦੇ ਲੋਕ ਸਭ ਤਿਉਹਾਰਾਂ ਨੂੰ ਮਿਲ ਜੁਲ ਕੇ ਮਨਾਉਂਦੇ ਹਨ। ਦੇਸ਼ ਵਾਸੀਆਂ ਨੂੰ ਈਦ ਉੱਲ ਫ਼ਿਤਰ ਦੀ ਵਧਾਈ ਦਿੰਦਿਆਂ ਡਾ. ਮਾਨ ਨੇ ਪੰਜਾਬ ਵਿੱਚ ਸ਼ਾਂਤੀ ਬਣਾਏ ਰੱਖਣ ਦੀ ਅਪੀਲ ਵੀ ਕੀਤੀ।

ਖਰੀਦ ਕੇਂਦਰਾਂ 'ਚੋਂ ਲਿਫਟਿੰਗ ਨਾ ਹੋਣ ਕਰਕੇ ਆੜ੍ਹਤੀ ਪ੍ਰੇਸ਼ਾਨ

■ ਸਰਕਾਰ ਦੀਆਂ ਗਲਤ ਨੀਤੀਆਂ ਕਰਕੇ ਆੜ੍ਹਤੀ ਮੰਡੀਆਂ 'ਚ ਰਾਖੀ ਲਈ ਮਜਬੂਰ

ਬਾਦਸ਼ਾਹਪੁਰ ਖਰੀਦ ਕੇਂਦਰ ਵਿੱਚ ਬੋਰੀਆਂ ਦੇ ਲੱਗੇ ਅੰਬਾਰ।

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)-ਮਾਰਕੀਟ ਕਮੇਟੀ ਪਾਤੜਾਂ ਅਧੀਨ ਆਉਂਦੇ ਖਰੀਦ ਕੇਂਦਰਾਂ ਵਿੱਚੋਂ ਖਰੀਦੀ ਕਣਕ ਦੀ ਲਿਫਟਿੰਗ ਨਾ ਹੋਣ ਕਰਕੇ ਮੰਡੀਆਂ ਵਿੱਚ ਖੁੱਲ੍ਹੇ ਅਸਮਾਨ ਹੇਠ ਬੋਰੀਆਂ ਦੇ ਅੰਬਾਰ ਲੱਗੇ ਹੋਣ ਕਰਕੇ ਦਿਨ-ਰਾਤ ਹੁੰਦੀਆਂ ਚੋਰੀਆਂ ਤੇ ਕੁਦਰਤੀ ਕਰੋਪੀ ਦੇ ਚਲਦਿਆਂ ਆੜ੍ਹਤੀਆਂ ਦੀ ਨੀਂਦ ਆਰਾਮ ਹੋਈ ਪਈ ਹੈ। ਮੁੱਖ ਮੰਡੀ ਪਾਤੜਾਂ ਦਾ ਫੜ੍ਹ ਛੋਟਾ ਹੋਣ ਕਰਕੇ ਪਹਿਲਾਂ ਹੀ ਕਿਸਾਨਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਵਾਰ ਲਿਫਟਿੰਗ ਨਾ ਹੋਣ ਕਾਰਨ ਕਿਸਾਨਾਂ ਨੂੰ ਮਜਬੂਰੀਵੱਸ ਆਪਣੀ ਫਸਲ ਸੜਕ 'ਤੇ ਢੇਰੀ ਕਰਨੀ ਪੈ ਰਹੀ ਹੈ। ਆੜ੍ਹਤੀਆਂ ਨੇ ਮੰਗ ਕੀਤੀ ਹੈ ਕਿ ਸਰਕਾਰ ਕਣਕ ਦੀਆਂ ਬੋਰੀਆਂ ਨੂੰ ਓਪਲ ਪਲੰਥਾਂ ਵਿੱਚ ਲਗਵਾ ਕੇ ਕਿਸਾਨਾਂ ਤੇ ਆੜ੍ਹਤੀਆਂ ਨੂੰ ਆ ਰਹੀ ਮੁਸ਼ਕਲ ਦਾ ਹੱਲ ਕਰੇ।

ਪਾਤੜਾਂ, ਘੱਗਾ, ਬਾਦਸ਼ਾਹਪੁਰ, ਨਨਹੇੜਾ, ਬਕਰਾਹਾ, ਸ਼ੁਤਰਾਣਾ, ਬਰਾਸ, ਠਰੂਆ, ਦੁਗਾਲ, ਸੇਲਵਾਲਾ, ਅਰਨੌ ਤੇ ਗੁਲਜ਼ਾਰਪੁਰ ਆਦਿ ਖਰੀਦ ਕੇਂਦਰਾਂ ਦੇ ਆੜ੍ਹਤੀਆਂ ਨੇ ਕਿਹਾ ਹੈ ਕਿ ਮੰਡੀਆਂ ਵਿੱਚ ਕਣਕ ਦੀ ਖਰੀਦ ਦਾ ਕੰਮ ਸੰਚਾਰੂ ਢੰਗ ਨਾਲ ਚੱਲਣ ਕਰਕੇ ਕਿਸਾਨਾਂ ਤੇ ਆੜ੍ਹਤੀਆਂ ਨੂੰ ਕੋਈ ਮੁਸ਼ਕਲ ਨਹੀਂ ਆਈ, ਪਰ ਮੰਡੀਆਂ ਵਿੱਚ ਪਈ ਲੱਖਾਂ ਕਵਿੰਟਲ ਕਣਕ ਦੀ ਲਿਫਟਿੰਗ ਨਾ ਹੋਣ ਕਾਰਨ ਉਨ੍ਹਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੁਆਰਾ ਖਰੀਦੀ

23-APRIL-PAGE-9.qxd 4/22/2023 9:24 PM Page 1

ਸੀ ਪੀ ਆਈ ਨੇ ਲੈਨਿਨ ਦਾ 153ਵਾਂ ਜਨਮ ਦਿਨ ਮਨਾਇਆ

ਸੰਗਰੂਰ (ਪ੍ਰਵੀਨ ਸਿੰਘ)

ਸੁਤੰਤਰ ਭਵਨ ਸੰਗਰੂਰ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਸੰਗਰੂਰ ਵੱਲੋਂ ਵੀ ਆਈ ਲੈਨਿਨ ਦਾ 153ਵਾਂ ਜਨਮ ਦਿਨ ਸਾਥੀ ਸਤਵੰਤ ਸਿੰਘ ਖੰਡੇਵਾਦ ਦੀ ਪ੍ਰਧਾਨਗੀ ਹੇਠ ਸਮਾਗਮ ਕਰਕੇ ਮਨਾਇਆ ਗਿਆ, ਜਿਸ ਨੂੰ ਸਾਥੀ ਰੁਮੇਸ਼ ਰਤਨ ਚੇਅਰਮੈਨ ਕੰਟਰੋਲ ਕਮਿਸ਼ਨ ਸੀ ਪੀ ਆਈ ਪੰਜਾਬ ਦੇ ਨੌਜਵਾਨ ਆਗੂ ਡਾ. ਨਰਿੰਦਰ ਧਾਲੀਵਾਲ ਤੇ ਸਕੱਤਰ ਮੈਂਬਰ ਸਾਥੀ ਬਲਦੇਵ ਸਿੰਘ ਨਿਹਾਲਗੜ੍ਹ ਨੇ ਜ਼ਿਲ੍ਹਾ ਭਰ ਵਿੱਚੋਂ ਆਏ ਸਾਥੀ ਭੈਣ-ਭਰਾਵਾਂ ਨੂੰ ਲੈਨਿਨ ਦੇ ਫਲਸਫੇ ਤੋਂ ਜਾਣੂ ਕਰਾਇਆ। ਇਸ ਸਮੇਂ ਬੋਲਦਿਆਂ ਬੁਲਾਰਿਆਂ ਨੇ ਕਿਹਾ ਕਿ ਕਾਰਲ ਮਾਰਕਸ ਵੱਲੋਂ ਲਿਖੇ ਸਿਧਾਂਤਾਂ ਨੂੰ ਅਮਲ ਵਿੱਚ ਲਿਆਉਂਦੇ ਹੋਏ ਸੋਵੀਅਤ ਯੂਨੀਅਨ 'ਚ ਲਾਲ ਝੰਡੇ ਦਾ ਰਾਜ ਸਥਾਪਤ ਕਰਨ ਵਿੱਚ ਸਫਲਤਾ ਹਾਸਲ ਕੀਤੀ। ਇਸ ਸਮੇਂ ਬੁਲਾਰਿਆਂ ਨੇ ਬੋਲਦਿਆਂ ਕਿਹਾ ਕਿ ਸਾਥੀ ਲੈਨਿਨ ਦਾ ਕਹਿਣਾ ਹੈ ਕਿ ਜਿੰਨਾ ਚਿਰ ਮਨੁੱਖ ਦੁਨੀਆ ਦੇ ਦ੍ਰਿਸ਼ਟੀਕੋਣ ਦੀ ਸਮਝ ਨਹੀਂ ਬਣਾਉਂਦਾ ਉਨਾ ਚਿਰ ਹੀ ਉਹ ਵਾਪਰ ਰਹੀਆਂ ਘਟਨਾਵਾਂ ਤੋਂ ਦੂਰ ਹੁੰਦਾ ਹੈ। ਇਕ ਸੰਸਾਰ ਦ੍ਰਿਸ਼ਟੀਕੋਣ ਦੀ ਸਮਝ ਰੱਖਣ ਵਾਲਾ ਮਨੁੱਖ ਘਟਨਾਵਾਂ 'ਤੇ ਨਜ਼ਰ ਹੀ ਨਹੀਂ ਰੱਖਦਾ, ਸਗੋਂ ਉਨ੍ਹਾਂ 'ਤੇ ਕਾਬੂ ਪਾਉਣ ਦੀ ਜੁਰੱਅਤ ਵੀ ਪੈਦਾ

ਕਰ ਲੈਂਦਾ ਹੈ। ਇਸ ਸਮੇਂ ਬੁਲਾਰਿਆਂ ਨੇ ਕਿਹਾ ਕਿ ਸਰਮਾਏਦਾਰੀ ਸਿਸਟਮ ਦਾ ਅੰਤ ਹੋਣਾ ਯਕੀਨੀ ਹੁੰਦਾ ਹੈ। ਬੁਲਾਰਿਆਂ ਨੇ ਕਿਹਾ ਕਿ ਮਜ਼ਦੂਰ ਜਮਾਤ ਜਦੋਂ ਵੀ ਸੰਘਰਸ਼ਾਂ ਦਾ ਰਾਹ ਅਪਣਾਉਂਦੀ ਹੈ ਤਾਂ ਉਸ ਪਾਸ ਗਵਾਉਣ ਲਈ ਕੁਝ ਨਹੀਂ ਹੁੰਦਾ ਸਗੋਂ ਉਸ ਦੇ ਹੱਥ ਵਿੱਚ ਜਕੜੀਆਂ ਹਥਕੜੀਆਂ ਦੇ ਗਵਾਉਣ ਲਈ ਸਾਰੀ ਦੁਨੀਆ ਹੈ। ਇਸ ਦਿਨ ਸੀ.ਪੀ.ਆਈ. ਵੱਲੋਂ ਭਾਜਪਾ ਹਰਾਓ, ਦੇਸ਼ ਬਚਾਓ ਤੇ ਲੋਕ ਬਚਾਓ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਜ਼ਿਲ੍ਹਾ ਸਕੱਤਰ ਕਾ. ਸੁਖਦੇਵ ਸ਼ਰਮਾ ਨੇ ਦੱਸਿਆ ਕਿ 1 ਮਈ ਤੱਕ ਸ਼ਹਿਰਾਂ ਅੰਦਰ ਵੱਡੀ ਲਾਮਬੰਦੀ ਕਰਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ ਤੇ 5 ਮਈ ਤੋਂ 15 ਮਈ ਤੱਕ ਪਿੰਡਾਂ ਵਿੱਚ ਮਾਰਚ ਕੀਤੇ ਜਾਣਗੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਇਸ ਸਮਾਗਮ ਵਿੱਚ ਜਿੱਥੇ ਵੱਡੀ ਗਿਣਤੀ ਵਿੱਚ ਇਲਾਕੇ ਦੇ ਲੋਕ ਸ਼ਾਮਲ ਸਨ, ਉਥੇ ਸੀ.ਪੀ.ਆਈ. ਨਾਲ ਸਬੰਧਤ ਜਥੇਬੰਦੀਆਂ ਦੇ ਆਗੂ ਤੇ ਵਰਕਰਾਂ ਨੇ ਸ਼ਮੂਲੀਅਤ ਕੀਤੀ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸਾਥੀ ਨਿਰਮਲ ਸਿੰਘ ਬਟਰਿਆਣਾ, ਭਰਪੂਰ ਸਿੰਘ ਬੁਲਾਂਪੁਰ, ਜਗਦੇਵ ਵਾਹੀਆ, ਨੌਜਵਾਨ ਆਗੂ ਨਵਜੀਤ ਸਿੰਘ, ਬੀਬੀ ਸਰਬਜੋਤ ਕੌਰ, ਕਾ. ਗੁਰਦਿਆਲ ਨਿਰਮਾਣ, ਹਰਨੇਕ ਸਿੰਘ ਬਮਾਲ ਤੇ ਸਾਥੀ ਨਿਰੰਜਣ ਸਿੰਘ ਨੇ ਵੀ ਸ਼ਮੂਲੀਅਤ ਕੀਤੀ। ਅੰਤ ਵਿੱਚ ਸਾਥੀ ਸਤਵੰਤ ਸਿੰਘ ਖੰਡੇਵਾਦ ਨੇ ਸਮਾਗਮ ਵਿੱਚ ਆਏ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।

ਲੋਕ ਨਿਰਮਾਣ ਵਿਭਾਗ ਦਾ ਜੇ ਈ ਰਿਸ਼ਵਤ ਲੈਣ ਦੇ ਦੋਸ਼ 'ਚ ਗ੍ਰਿਫ਼ਤਾਰ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਮੁੱਖ ਮੰਤਰੀ ਸ੍ਰ. ਭਗਵੰਤ ਮਾਨ ਦੀ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਅਪਣਾਈ ਜ਼ੀਰੋ ਟਾਲਰੈਂਸ ਦੀ ਨੀਤੀ ਤਹਿਤ ਮਾਨਯੋਗ ਚੀਫ ਡਾਇਰੈਕਟਰ ਵਿਜੀਲੈਂਸ ਬਿਊਰੋ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਰਿਸ਼ਵਤਖੋਰੀ ਵਿਰੁੱਧ ਜਾਰੀ ਮੁਹਿੰਮ ਦੌਰਾਨ ਬੀਤੇ ਦਿਨ ਵਿਜੀਲੈਂਸ ਬਿਊਰੋ ਬਠਿੰਡਾ ਰੇਂਜ ਵੱਲੋਂ ਰਾਜਨ ਕੁਮਾਰ ਜੇ. ਈ. ਬਿਜਲੀ ਉੱਪ ਮੰਡਲ-2 ਪੰਜਾਬ ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ ਬਠਿੰਡਾ ਵਿਰੁੱਧ ਮੁਕੱਦਮਾ ਦਰਜ ਕਰਕੇ ਉਸ ਨੂੰ 12 ਹਜ਼ਾਰ ਰੁਪਏ ਹਾਸਲ ਕਰਕੇ ਤੇ 7,000 ਰੁਪਏ ਹੋਰ ਰਿਸ਼ਵਤ ਦੀ ਮੰਗ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ। ਇੱਥੇ ਜਾਣਕਾਰੀ ਦਿੰਦੇ ਹੋਏ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮ ਨੂੰ ਗੁਰਮੇਲ ਸਿੰਘ ਪੁੱਤਰ ਡਿਪਟੀ ਸਿੰਘ ਵਾਸੀ ਮਕਾਨ ਨੰਬਰ 237 ਗਲੀ ਨੰਬਰ 03 ਬੱਸ ਸਟੈਂਡ ਰੋਡ, ਮੌੜ ਮੰਡੀ ਜ਼ਿਲ੍ਹਾ ਬਠਿੰਡਾ ਵੱਲੋਂ ਕੀਤੀ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਵਿਜੀਲੈਂਸ ਬਿਊਰੋ ਵੱਲੋਂ ਇਸ ਸ਼ਿਕਾਇਤ ਦੀ ਪੜਤਾਲ ਦੌਰਾਨ ਮਿਲੇ ਸਬੂਤਾਂ ਦੇ ਆਧਾਰ 'ਤੇ ਉਕਤ ਮੁਲਜ਼ਮ ਵੱਲੋਂ ਸ਼ਿਕਾਇਤਕਰਤਾ ਪਾਸੋਂ ਰਿਸ਼ਵਤ ਹਾਸਲ ਕਰਨਾ ਤੇ ਰਿਸ਼ਵਤ ਦੀ ਮੰਗ ਕਰਨਾ ਪਾਇਆ ਗਿਆ, ਜਿਸ ਦੇ ਆਧਾਰ 'ਤੇ ਰਾਜਨ ਕੁਮਾਰ ਜੇ. ਈ. ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਥਾਣਾ ਵਿਜੀਲੈਂਸ ਬਿਊਰੋ ਰੇਂਜ ਬਠਿੰਡਾ ਵਿਖੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

ਰੋਜ਼ਾ ਸ਼ਰੀਫ ਵਿਖੇ ਈਦ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ



ਰੋਜ਼ਾ ਸ਼ਰੀਫ ਵਿਖੇ ਮੁਸਲਿਮ ਭਾਈਚਾਰੇ ਨਾਲ ਈਦ ਦੀਆਂ ਖੁਸ਼ੀਆਂ ਸਾਂਝੀਆਂ ਕਰਦੇ ਹੋਏ ਵਿਧਾਇਕ ਲਖਵੀਰ ਸਿੰਘ ਰਾਏ ਤੇ ਹੋਰ।

ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਰੋਜ਼ਾ ਸ਼ਰੀਫ ਫਤਹਿਗੜ੍ਹ ਸਾਹਿਬ ਵਿਖੇ ਈਦ ਦਾ ਤਿਉਹਾਰ ਬਹੁਤ ਹੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਰੋਜ਼ਾ ਸ਼ਰੀਫ ਦੇ ਖਲੀਫਾ ਸਯਦ ਮੁਹੰਮਦ ਸਾਦਿਕ ਰਜ਼ਾ ਮਜੱਜਦੀ ਨੇ ਈਦ-ਉਲ-ਫਿਤਰ ਦੇ ਤਿਉਹਾਰ ਦੀ ਮੁਬਾਰਕਬਾਦ ਪੇਸ਼ ਕਰਦਿਆਂ ਸਭ ਨੂੰ ਵਧਾਈ ਦਿੱਤੀ। ਇਸ ਮੌਕੇ ਫਤਹਿਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਤੇ ਮਾਰਕਿਟ ਕਮੇਟੀ ਸਰਹਿੰਦ ਦੇ ਚੇਅਰਮੈਨ ਗੁਰਵਿੰਦਰ ਢਿੱਲੋਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਵਿਧਾਇਕ ਲਖਵੀਰ ਸਿੰਘ ਰਾਏ ਨੇ ਕਿਹਾ ਕਿ ਈਦ ਦਾ ਤਿਉਹਾਰ ਪੂਰੇ ਵਿਸ਼ਵ ਵਿੱਚ ਮਨਾਇਆ ਜਾਂਦਾ ਹੈ। ਉਨ੍ਹਾ ਕਿਹਾ ਕਿ ਪ੍ਰਮਾਤਮਾ ਇੱਕ ਹੈ, ਸਾਨੂੰ ਬਿਨਾਂ ਪੱਖਪਾਤ ਕੀਤੇ ਇੱਕ ਦੂਸਰੇ ਦਾ ਸਤਿਕਾਰ ਕਰਨਾ ਚਾਹੀਦਾ ਹੈ ਤੇ ਇੱਕ ਦੂਜੇ ਦੇ ਤਿੱਥ ਤਿਉਹਾਰਾਂ 'ਚ ਸ਼ਾਮਲ ਹੋਣਾ ਚਾਹੀਦਾ ਹੈ, ਇਨ੍ਹਾਂ ਨਾਲ ਭਾਈਚਾਰਕ ਸਾਂਝ ਵਧੇਗੀ। ਚੇਅਰਮੈਨ ਗੁਰਵਿੰਦਰ ਸਿੰਘ ਢਿੱਲੋਂ ਵੱਲੋਂ ਵੀ ਈਦ ਮੌਕੇ ਵਧਾਈ ਪੇਸ਼ ਕੀਤੀ ਗਈ। ਇਸ ਮੌਕੇ ਵਕੀਲ ਅਬਦੁਲ ਕਨੌਤਾ, ਚਮਨ ਕੁਰੈਸ਼ੀ, ਸਨੀ ਚੋਪੜਾ, ਬਲਬੀਰ ਸੋਢੀ, ਪਰਿਤਪਾਲ ਜੱਸੀ, ਡੀ ਐੱਸ ਪੀ ਸੁਖਵੀਰ ਸਿੰਘ, ਥਾਣਾ ਮੁਖੀ ਅਰਸ਼ਦੀਪ ਸ਼ਰਮਾ ਆਦਿ ਹਾਜ਼ਰ ਸਨ।

ਅਣਸੁਖਾਵੀਂ ਘਟਨਾ ਤੋਂ ਬਚਣ ਲਈ ਸਕੂਲਾਂ 'ਚ ਅਗਾਊਂ ਪ੍ਰਬੰਧਾਂ ਦੀ ਮੰਗ

ਜ਼ੀਰਾ (ਪਰਮਜੀਤ ਸਿੰਘ ਧੰਜੂ)-ਇਲਾਕੇ ਵਿੱਚ ਚੱਲ ਰਹੇ ਕਈ ਸਰਕਾਰੀ, ਗੈਰ-ਸਰਕਾਰੀ ਤੇ ਮਾਨਤਾ ਪ੍ਰਾਪਤ ਸਕੂਲ ਅਜਿਹੇ ਹਨ, ਜਿਹੜੇ ਕਿਸੇ ਵੀ ਸਮੇਂ ਮੰਦਭਾਗੀਆਂ ਘਟਨਾਵਾਂ ਨਾਲ ਨਿਪਟਣ ਲਈ ਪੂਰੀ ਤਰ੍ਹਾਂ ਸਮਰੱਥ ਨਹੀਂ ਹਨ। ਇਸ ਲਈ ਮਾੜੀਆਂ ਘਟਨਾਵਾਂ ਤੋਂ ਬਚਣ ਲਈ ਅਗਾਓਂ ਪ੍ਰਬੰਧ ਕਰਨੇ ਬੇਹੱਦ ਜ਼ਰੂਰੀ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਬੇਸ਼ੱਕ ਇਸ ਇਲਾਕੇ ਵਿੱਚ ਕੁਝ ਗਿਣੇ ਚੁਣੇ ਸਕੂਲ ਅਜਿਹੇ ਹਨ, ਜਿੱਥੇ ਅੱਗ ਬੁਝਾਓ ਯੰਤਰਾਂ ਦਾ ਤਾਂ ਪ੍ਰਬੰਧ ਕੀਤਾ ਗਿਆ ਹੈ, ਪਰ ਉਨ੍ਹਾਂ ਨੂੰ ਢੁੱਕਵੇਂ ਥਾਂ 'ਤੇ ਲਗਾਉਣ ਹਿੱਤ ਪ੍ਰਬੰਧਾਂ ਵਿੱਚ ਕਮੀ ਹੈ। ਕਈ ਸਕੂਲ ਅਜਿਹੇ ਵੀ ਹਨ, ਜਿਨ੍ਹਾਂ ਕੋਲ ਅੱਗ ਬੁਝਾਉਣ ਵਾਲੇ ਸਿਲੰਡਰਾਂ ਦਾ ਪ੍ਰਬੰਧ ਨਹੀਂ ਹੈ, ਜਦਕਿ ਅੱਗ ਸਬੰਧੀ ਘਟਨਾਵਾਂ ਨਾਲ ਨਿਪਟਣ ਲਈ ਇਨ੍ਹਾਂ ਦਾ ਹੋਣਾ ਬੇਹੱਦ ਜ਼ਰੂਰੀ ਹੈ। ਸਾਡੇ ਇਹ ਵਿੱਦਿਆ ਦੇ ਮੰਦਰ ਰੂਪੀ ਸਕੂਲ ਵਿੱਚ ਸਾਡੇ ਦੇਸ਼ ਦਾ ਆਉਣ ਵਾਲਾ ਭਵਿੱਖ ਸਾਡੇ ਪਿਆਰੇ ਮਾਸੂਮ ਬੱਚੇ ਪੜ੍ਹਦੇ ਹਨ, ਜਿਨ੍ਹਾਂ ਦੀ ਸੁਰੱਖਿਅਤ ਲਈ ਇਹ ਪ੍ਰਬੰਧ ਨੂੰ ਪੁਖਤਾ ਬਣਾਇਆ ਜਾਣਾ ਸਮੇਂ ਦੀ ਵੱਡੀ ਲੋੜ ਹੈ। ਜ਼ਿਕਰਯੋਗ ਹੈ ਕਿ ਜਦੋਂ ਤੋਂ ਸਕੂਲਾਂ ਵਿੱਚ ਮਿੱਡ ਡੇ ਮੀਲ ਦਾ ਪ੍ਰਬੰਧ ਕੀਤਾ ਗਿਆ ਹੈ, ਉਦੋਂ ਤੋਂ ਕਈ ਸਕੂਲਾਂ ਵਿੱਚ ਰਸੋਈ ਘਰ ਵੀ ਬਣਾਏ ਗਏ ਹਨ ਅਤੇ ਗੈਸ ਸਿਲੰਡਰਾਂ ਸਮੇਤ ਹੋਰ ਵੀ ਗਈ ਅੱਗ ਬਾਲਣ ਦਾ ਪ੍ਰਬੰਧ ਕੀਤਾ ਗਿਆ ਹੈ। ਅਜਿਹੇ ਮੌਕੇ ਸਕੂਲਾਂ ਵਿੱਚ ਮੌਜੂਦ ਗੈਸ ਸਿਲੰਡਰਾਂ ਦੇ ਹੁੰਦਿਆਂ ਅੱਗ ਲੱਗਣ ਦੀਆਂ ਮੰਦਭਾਗੀਆਂ ਘਟਨਾਵਾਂ ਵਾਪਰਨ ਦਾ ਖਤਰਾ ਹੋਰ ਵੀ ਵਧੇਰੇ ਵਧ ਜਾਂਦਾ ਹੈ। ਇਸ ਤਰ੍ਹਾਂ ਹੀ ਸਕੂਲ ਵਿੱਚ ਬਿਜਲੀ ਵਗੈਰਾ ਦਾ ਸਰਕਟ ਸ਼ਾਰਟ ਹੋਣ ਨਾਲ ਵੀ ਅੱਗ ਲੱਗਣ ਦੀ ਘਟਨਾ ਵਾਪਰ ਸਕਦੀ ਹੈ। ਇਨ੍ਹਾਂ ਖਤਰਿਆਂ ਦੇ ਮੱਦੇਨਜ਼ਰ ਬੱਚਿਆਂ ਦੇ ਮਾਪਿਆਂ ਦਾ ਅਜਿਹੀਆਂ ਦੁਰਘਟਨਾਵਾਂ ਨੂੰ ਲੈ ਕੇ ਚਿੰਤਤ ਹੋਣਾ ਕੁਦਰਤੀ ਹੀ ਬਣਦਾ ਹੈ। ਇਸ ਸਬੰਧੀ ਇਲਾਕੇ ਦੇ ਲੋਕਾਂ ਦੀ ਮੰਗ ਹੈ ਕਿ ਸਰਕਾਰ ਤੇ ਸਿੱਖਿਆ ਵਿਭਾਗ ਨੂੰ ਇਸ ਪਾਸੇ ਗੰਭੀਰਤਾ ਨਾਲ ਸੋਚਦੇ ਹੋਏ ਸਕੂਲਾਂ ਵਿੱਚ ਅੱਗ ਬੁਝਾਓ ਯੰਤਰਾਂ ਦਾ ਪ੍ਰਬੰਧ ਕਰਨ ਦੇ ਨਾਲ ਨਾਲ ਸਟਾਫ ਨੂੰ ਅੱਗ ਬੁਝਾਉਣ ਦੀ ਟ੍ਰੇਨਿੰਗ ਦੇਣ ਦੇ ਸਮੇਤ ਅੱਗ ਬੁਝਾਉਣ ਦੇ ਹੋਰ ਵੀ ਢੁੱਕਵੇਂ ਸਾਧਨਾਂ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ।

ਕਾਤਰਾਂ

ਜ਼ਿਮਨੀ ਚੋਣ 'ਚ ਆਪ ਭਾਰੀ ਬਹੁਮਤ ਨਾਲ ਜਿੱਤ ਹਾਸਲ ਕਰੇਗੀ : ਦਹੀਆ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਜਲੰਧਰ ਵਿਖੇ ਹੋ ਰਹੀ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ ਭਾਰੀ ਬਹੁਮਤ ਨਾਲ ਜਿੱਤ ਹਾਸਲ ਕਰੇਗੀ ਅਤੇ ਰਿਕਾਰਡ ਕਾਇਮ ਕਰੇਗੀ। ਇਹ ਵਿਚਾਰ ਹਲਕਾ ਦਿਹਾਤੀ ਫਿਰੋਜ਼ਪੁਰ ਦੇ ਵਿਧਾਇਕ ਰਜਨੀਸ਼ ਦਹੀਆ ਨੇ ਆਮ ਆਦਮੀ ਪਾਰਟੀ ਦੇ ਆਗੂਆਂ, ਅਹੁਦੇਦਾਰਾਂ ਤੇ ਵਲੰਟੀਅਰਾਂ ਨੂੰ ਜਲੰਧਰ 'ਚ ਹੋਣ ਵਾਲੀ ਰੈਲੀ 'ਚ ਜਾਣ ਤੋਂ ਪਹਿਲਾ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਇਸ ਮੌਕੇ ਹਲਕਾ ਵਿਧਾਇਕ ਰਜਨੀਸ਼ ਦਹੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀਆਂ ਯੋਜਨਾਵਾਂ, ਨੀਤੀਆਂ ਤੋਂ ਅੱਜ ਹਰ ਵਰਗ ਖੁਸ਼ ਨਜ਼ਰ ਆ ਰਿਹਾ ਹੈ ਤੇ ਲੋਕ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ। ਉਨ੍ਹਾ ਕਿਹਾ ਕਿ ਆਪ ਦੀ ਸਰਕਾਰ ਨੇ ਜੋ ਲੋਕਾਂ ਨਾਲ ਵਾਅਦੇ ਕੀਤੇ ਹਨ ਉਹ ਸਮੇਂ ਸਮੇਂ 'ਤੇ ਪੂਰੇ ਕੀਤੇ ਜਾ ਰਹੇ ਹਨ। ਉਨ੍ਹਾ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਲੋਕਾਂ ਨੂੰ ਪੇਸ਼ ਆਉਣ ਵਾਲੀ ਹਰ ਸਮੱਸਿਆ ਦਾ ਹੱਲ ਕਰ ਰਹੀ ਹੈ। ਇਸ ਮੌਕੇ ਵੱਡੀ ਗਿਣਤੀ 'ਚ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਤੇ ਵਰਕਰ ਹਾਜ਼ਰ ਸਨ।

ਪਟਵਾਰੀ ਦੇ ਦੁਰਵਿਹਾਰ ਦੀ ਵੀਡੀਓ ਵਾਇਰਲ

ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਸ੍ਰੀ ਮੁਕਤਸਰ ਸਾਹਿਬ ਦੇ ਪਟਵਾਰ ਦਫਤਰ ਦੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਧੜਾਧੜ ਵਾਇਰਲ ਹੋ ਰਹੀ ਹੈ। ਇਸ ਵੀਡੀਓ 'ਚ ਇਕ ਪਟਵਾਰੀ ਕੁਝ ਵਿਅਕਤੀਆਂ ਨਾਲ ਗਲਤ ਵਿਹਾਰ ਕਰ ਰਿਹਾ ਹੈ। ਵੀਡੀਓ ਵਾਇਰਲ ਹੋਣ ਉਪਰੰਤ ਇਸ ਸਬੰਧੀ ਪਿੰਡ ਤਾਮਕੋਟ ਦੇ ਵਿਅਕਤੀ ਸਾਹਮਣੇ ਆਏ ਹਨ, ਜਿਨ੍ਹਾਂ 'ਚੋਂ ਰਾਜਾ ਸਿੰਘ ਨੇ ਦੱਸਿਆ ਕਿ ਇਕ ਗਿਰਦਾਵਰੀ ਦੇ ਮਾਮਲੇ 'ਚ ਉਹ ਬੀਤੇ ਲੰਮੇ ਸਮੇਂ ਤੋਂ ਗੇੜੇ ਮਾਰ ਰਹੇ ਹਨ, ਪਰ ਖੱਜਲ ਖੁਆਰੀ ਕੀਤੀ ਜਾ ਰਹੀ। ਅੱਜ ਵੀ ਕੰਮ ਕਰਨ ਦੀ ਬਜਾਏ ਉਨ੍ਹਾਂ ਨਾਲ ਦੁਰਵਿਹਾਰ ਕੀਤਾ ਗਿਆ, ਜਿਸ ਦੀ ਵੀਡੀਓ ਉਨ੍ਹਾਂ ਬਣਾ ਲਈ। ਓਧਰ ਦੂਜੇ ਪਾਸੇ ਪਟਵਾਰੀ ਸੁਰੇਸ਼ ਕੁਮਾਰ ਨੇ ਕਿਹਾ ਕਿ ਉਹ ਮੁਆਵਜ਼ੇ ਦੇ ਕੰਮ ਵਿੱਚ ਸਨ, ਪਰ ਫਿਰ ਵੀ ਇਨ੍ਹਾਂ ਵਿਅਕਤੀਆਂ ਨੂੰ ਕੰਮ ਸਬੰਧੀ ਸਮਾਂ ਦਿੱਤਾ। ਇਨ੍ਹਾਂ ਦੀ ਗਿਰਦਾਵਰੀ ਦੇ ਮਾਮਲੇ 'ਚ ਚਾਰ ਵਿਅਕਤੀਆਂ ਦੇ ਬਿਆਨ ਚਾਹੀਦੇ ਹਨ, ਪਰ ਇਹ ਇੱਕ ਵਿਅਕਤੀ ਨੂੰ ਹੀ ਲਿਆਏ, ਜਦ ਉਨ੍ਹਾਂ ਇਸ ਸਬੰਧੀ ਆਖਿਆ ਤਾਂ ਇਨ੍ਹਾਂ ਵਿਅਕਤੀਆਂ ਨੇ ਸਬੰਧਤ ਕਾਗਜ਼ ਪਾੜ ਦਿੱਤੇ, ਜਿਸ ਸਬੰਧੀ ਉਨ੍ਹਾਂ ਸ਼ਿਕਾਇਤ ਵੀ ਦਿੱਤੀ ਹੈ।

ਬਾਬਾ ਸਾਹਿਬ ਦੇ ਜਨਮ ਦਿਹਾੜੇ ਨੂੰ ਸਮਰਪਤ ਨਾਟਕਾਂ ਦਾ ਮੰਚਨ ਅੱਜ : ਪ੍ਰਿਥੀ ਸਿੰਘ

ਲੌਂਗੋਵਾਲ (ਕੁਲਦੀਪ ਅੱਤਰੀ, ਪ੍ਰਦੀਪ ਸਿੰਘ ਸੱਪਲ)-ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਮੰਚ ਲੌਂਗੋਵਾਲ ਵੱਲੋਂ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਨਾਟਕ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੰਚ ਦੇ ਪ੍ਰਧਾਨ ਧੱਪੂ ਸਿੰਘ ਬੈਂਸ, ਪ੍ਰਿਥੀ ਸਿੰਘ ਲੌਂਗੋਵਾਲ, ਨਛੱਤਰ ਸਿੰਘ ਨਾਟੀ, ਜਸਵਿੰਦਰ ਸਿੰਘ ਮੱਲ੍ਹੀ, ਸੈਕਟਰੀ ਬਿੱਟੂ ਸਿੰਘ, ਖਜ਼ਾਨਚੀ ਜਸਪਾਲ ਸਿੰਘ ਤੇ ਸਹਾਇਕ ਖਜ਼ਾਨਚੀ ਵਿੱਕੀ ਸਿੰਘ ਨੇ ਦੱਸਿਆ ਕਿ ਇਹ ਸਮਾਗਮ ਡਾਕਟਰ ਭੀਮ ਰਾਓ ਅੰਬੇਡਕਰ ਭਵਨ ਪੱਤੀ ਸੁਨਾਮੀ ਲੌਂਗੋਵਾਲ ਵਿਖੇ 23 ਅਪ੍ਰੈਲ ਸ਼ਾਮ 7 ਤੋਂ 11 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਜਾਗਦੇ ਰਹੋ (ਜੀਵਨੀ ਭੀਮ ਰਾਓ ਅੰਬੇਡਕਰ ਜੀ), ਚਿੜ੍ਹੀਆਂ ਦਾ ਚੰਬਾ ਤੇ ਕੋਰੀਓਗ੍ਰਾਫੀ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ।

ਮੁੱਖ ਮੰਤਰੀ ਵੱਲੋਂ ਜ਼ਿਲ੍ਹੇ ਦੇ ਚਾਰ ਖਿਡਾਰੀ ਸਨਮਾਨਤ

ਬਰਨਾਲਾ (ਰਾਜਿੰਦਰ ਬਰਾੜ/ਰਾਕੇਸ਼ ਨੀਟਾ)-ਭਗਵੰਤ ਮਾਨ ਮੁੱਖ ਮੰਤਰ

23-APRIL-PAGE-1.qxd 4/22/2023 9:19 PM Page 2

ਸੰਤ ਕਬੀਰ ਸਕੂਲ ਵਿਖੇ ਧਰਤੀ ਦਿਵਸ ਮਨਾਇਆ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਸੰਤ ਕਬੀਰ ਕਾਨਵੈਂਟ ਸਕੂਲ ਵਿਖੇ ਧਰਤੀ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਵਿਸ਼ੇਸ਼ ਪ੍ਰਾਰਥਨਾ ਸਭਾ ਕਰਵਾਈ ਗਈ ਤੇ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਮੌਕੇ ਪੋਸਟਰ ਮੇਕਿੰਗ ਮੁਕਾਬਲੇ, ਭਾਸ਼ਣ ਮੁਕਾਬਲੇ ਤੇ ਕੁਇੱਜ਼ ਮੁਕਾਬਲੇ ਕਰਵਾਏ ਗਏ। ਬੱਚਿਆਂ ਵੱਲੋਂ ਪਲਾਸਟਿਕ ਦੀ ਰੀਸਾਈਕਲਿੰਗ ਕਰਕੇ ਉਪਯੋਗੀ ਵਸਤੂਆਂ ਬਣਾਈਆਂ ਗਈਆਂ।

ਪ੍ਰਾਰਥਨਾ ਸਭਾ ਵਿੱਚ ਪ੍ਰਤੀਯੋਗਿਤਾ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ। ਪੋਸਟਰ ਮੇਕਿੰਗ ਵਿੱਚ ਛੇਵੀਂ 'ਏ' ਦੀ ਭੁਪਿੰਦਰ ਕੌਰ ਨੇ ਪਹਿਲਾ, ਭਾਸ਼ਣ ਮੁਕਾਬਲੇ ਵਿੱਚ ਅੱਠਵੀਂ 'ਬੀ' ਦੀ ਹਰਸਿਮਰਨ ਕੌਰ ਨੇ ਪਹਿਲਾ, ਕੁਇੱਜ਼ ਮੁਕਾਬਲੇ 'ਚ ਐਪਲ ਹਾਊਸ ਨੇ ਪਹਿਲਾ ਤੇ ਪ੍ਰਿਥਵੀ ਹਾਊਸ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਐੱਮ. ਡੀ. ਪ੍ਰੋ. ਐੱਮ ਐੱਲ ਅਰੋੜਾ, ਪ੍ਰਿੰਸੀਪਲ ਮੈਡਮ ਕੰਚਨ, ਹੈੱਡਮਿਸਟ੍ਰੈੱਸ ਸੋਨੀਆ ਧਵਨ ਤੇ ਰਚਨਾ ਜਿੰਦਲ ਨੇ ਧਰਤੀ ਦਿਵਸ ਦੀ ਵਧਾਈ ਦਿੰਦੇ ਹੋਏ ਬੱਚਿਆਂ ਨੂੰ ਧਰਤੀ ਦੇ ਸਾਰੇ ਸੋਮਿਆਂ ਜਿਵੇਂ ਪਾਣੀ, ਹਵਾ ਤੇ ਧਰਤੀ ਨੂੰ ਬਚਾਉਣ ਲਈ ਜਾਗਰੂਕ ਕੀਤਾ।

ਡੀ ਏ ਵੀ ਸਕੂਲ 'ਚ ਮਹਾਤਮਾ ਹੰਸ ਰਾਜ ਜੈਅੰਤੀ ਮਨਾਈ

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)-ਇਲਾਕੇ ਦੀ ਨਾਮੀ ਸੰਸਥਾ ਡੀਏਵੀ ਪਬਲਿਕ ਸਕੂਲ ਪਾਤੜਾਂ ਵਿੱਚ ਮਹਾਨ ਸਿੱਖਿਆ ਸ਼ਾਸਤਰੀ ਤੇ ਡੀਏਵੀ ਵਿੱਦਿਅਕ ਸੰਸਥਾ ਦੇ ਸੰਸਥਾਪਕ ਮਹਾਤਮਾ ਹੰਸ ਰਾਜ ਦੀ ਜਯੰਤੀ ਬਹੁਤ ਹੀ ਉਤਸ਼ਾਹ ਨਾਲ ਮਨਾਈ ਗਈ। ਪ੍ਰਿੰਸੀਪਲ ਮੀਨਾ ਥਾਪਰ ਨੇ ਦੱਸਿਆ ਕਿ ਇਸ ਸਬੰਧੀ ਸਕੂਲ ਵਿੱਚ ਇੱਕ ਵਿਸ਼ੇਸ਼ ਪ੍ਰੋਗਰਾਮ ਕੀਤਾ ਗਿਆ। ਸਕੂਲ ਦੇ ਮਹਾਂਰਿਸ਼ੀ ਦਇਆਨੰਦ ਹਾਊਸ ਦੀ ਦੇਖ-ਰੇਖ ਵਿੱਚ ਇਹ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਸਕੂਲ ਦੇ ਨਰਸਰੀ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਅੱਠਵੀਂ ਜਮਾਤ ਦੀ ਵਿਦਿਆਰਥਣ ਸ਼ਗੁਨ ਤੇ ਗਿਆਰਵੀਂ ਜਮਾਤ ਦੀ ਵਿਦਿਆਰਥਣ ਲਕਸ਼ਮੀ ਨੇ ਮਹਾਤਮਾ ਜੀ ਦੇ ਜੀਵਨ ਬਾਰੇ ਵਿਸ਼ੇਸ਼ ਚਾਨਣਾ ਪਾਇਆ। ਇਸ ਉਪਰੰਤ ਉਨ੍ਹਾਂ ਦੇ ਜੀਵਨ ਨਾਲ ਸਬੰਧਤ ਗੀਤ-ਸੰਗੀਤ, ਨਾਚ ਪੇਸ਼ ਕੀਤੇ ਗਏ ਅਤੇ ਵਿਸ਼ੇਸ਼ ਝਾਕੀਆਂ ਕੱਢੀਆਂ ਗਈਆਂ। ਇਸ ਮੌਕੇ ਸਕੂਲ ਵਿੱਚ ਹਵਨ ਯਗ ਵੀ ਕਰਵਾਇਆ ਗਿਆ। ਮੰਚ ਸੰਚਾਲਨ ਦੀ ਭੂਮਿਕਾ ਹਿੰਦੀ ਅਧਿਆਪਕ ਮਨਪ੍ਰੀਤ ਰਾਮ ਨੇ ਨਿਭਾਈ। ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ ਮੀਨਾ ਥਾਪਰ ਨੇ ਸਭ ਨੂੰ ਮਹਾਤਮਾ ਹੰਸ ਰਾਜ ਜੀ ਦੇ ਦੱਸੇ ਮਾਰਗ 'ਤੇ ਚੱਲਣ ਤੇ ਉਨ੍ਹਾਂ ਦੇ ਜੀਵਨ ਤੋਂ ਸਿੱਖਿਆ ਲੈਣ ਲਈ ਪ੍ਰੇਰਣਾ ਦਿੱਤੀ।

ਡੀ ਏ ਵੀ ਸਕੂਲ 'ਚ ਈਦ ਦਾ ਤਿਉਹਾਰ ਮਨਾਇਆ

ਪਾਤੜਾਂ (ਪੱਤਰ ਪ੍ਰੇਰਕ)-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਡੀਏਵੀ ਸਕੂਲ ਪਾਤੜਾਂ ਵਿੱਚ ਈਦ ਦਾ ਤਿਉਹਾਰ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰਿੰਸੀਪਲ ਮੀਨਾ ਥਾਪਰ ਨੇ ਦੱਸਿਆ ਕਿ ਇਸ ਸਬੰਧੀ ਸਕੂਲ ਦੇ ਮਹਾਂਰਿਸ਼ੀ ਦਇਆਨੰਦ ਹਾਊਸ ਦੀ ਦੇਖ-ਰੇਖ ਵਿੱਚ ਇੱਕ ਪ੍ਰੋਗਰਾਮ ਕੀਤਾ ਗਿਆ। ਪ੍ਰੋਗਰਾਮ ਦੇ ਅਰੰਭ ਵਿੱਚ ਅੰਗਰੇਜ਼ੀ ਅਧਿਆਪਕਾ ਮਹਿਨਾਜ ਨੇ ਪਿਆਰ ਤੇ ਭਾਈਚਾਰਕ ਸਾਂਝ ਦੇ ਇਸ ਤਿਉਹਾਰ ਦੇ ਪਿਛੋਕੜ ਤੋਂ ਸਭ ਨੂੰ ਜਾਣੂ ਕਰਵਾਇਆ। ਉਪਰੰਤ ਸਕੂਲ ਅਧਿਆਪਕਾ ਰਣਜੀਤ ਕੌਰ ਤੇ ਸੀਮਾਂ ਵਸ਼ਿਸ਼ਟ ਵੱਲੋਂ ਤਿਆਰ ਕਰਵਾਏ ਵਿਦਿਆਰਥੀਆਂ ਦੁਆਰਾ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ ਗਏ। ਪ੍ਰੋਗਰਾਮ ਦੇ ਅੰਤ 'ਚ ਪ੍ਰਿੰਸੀਪਲ ਮੀਨਾ ਥਾਪਰ ਨੇ ਵਿਦਿਆਰਥੀਆਂ ਨੂੰ ਪਿਆਰ ਤੇ ਸਾਂਝੀਵਾਲਤਾ ਦੇ ਇਸ ਪਵਿੱਤਰ ਤਿਉਹਾਰ ਬਾਰੇ ਵਿਸਥਾਰ 'ਚ ਜਾਣਕਾਰੀ ਦਿੱਤੀ ਤੇ ਸਾਰੇ ਧਰਮਾਂ ਦਾ ਸਨਮਾਨ ਕਰਨ ਦੀ ਪ੍ਰੇਰਣਾ ਦਿੱਤੀ।

ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਨੇ ਟੀ ਬੀ ਮਰੀਜ਼ਾਂ ਨੂੰ ਪੋਸ਼ਣ ਕਿੱਟਾਂ ਵੰਡੀਆਂ

ਬਰਨਾਲਾ (ਰਾਜਿੰਦਰ ਬਰਾੜ/ਰਾਕੇਸ਼ ਨੀਟਾ)-ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਬਰਨਾਲਾ ਵੱਲੋਂ ਤਪਦਿਕ ਨਾਲ ਪੀੜਤ ਲੋਕਾਂ ਨੂੰ ਹਰ ਮਹੀਨੇ ਰਾਸ਼ਨ ਪੋਸ਼ਣ ਕਿੱਟਾਂ ਵੰਡੀਆਂ ਜਾਂਦੀਆਂ ਹਨ, ਜਿਸ ਤਹਿਤ ਹੁਣ ਤੱਕ 550 ਕਿੱਟਾਂ ਵੰਡੀਆਂ ਜਾ ਚੁੱਕੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਸਰਵਣ ਸਿੰਘ ਨੇ ਦੱਸਿਆ ਕਿ ਇੰਡੀਅਨ ਰੈੱਡ ਕਰਾਸ ਸੁਸਾਇਟੀ, ਸਟੇਟ ਬਰਾਂਚ, ਚੰਡੀਗੜ੍ਹ ਦੀਆਂ ਹਦਾਇਤਾਂ ਤੇ ਮਾਨਯੋਗ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ, ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਜ਼ਿਲ੍ਹਾ ਬਰਾਂਚ, ਬਰਨਾਲਾ, ਮੈਡਮ ਪੂਨਮਦੀਪ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਈ.ਓ.ਐੱਲ. ਫਾਰਮਾਸੂਟਿਕਲ ਲਿਮਟਿਡ ਤੇ ਟਰਾਈਡੈਂਟ ਗਰੁੱਪ ਬਰਨਾਲਾ ਦੀ ਸਹਾਇਤਾ ਨਾਲ ਜ਼ਿਲ੍ਹੇ ਦੇ ਟੀ. ਬੀ. ਮਰੀਜ਼ਾਂ ਨੂੰ ਨਿਊਟ੍ਰੀਸ਼ਨ ਕਿੱਟਾਂ ਮੁਹੱਈਆ ਕਰਵਾਉਣ ਦਾ ਫੈਸਲਾ ਕੀਤਾ ਗਿਆ ਸੀ, ਜਿਸ ਦੇ ਅਮਲ ਵਜੋਂ ਫਰਵਰੀ ਮਹੀਨੇ ਤੋਂ ਹੁਣ ਤੱਕ ਕੁੱਲ 550 ਕਿੱਟਾਂ ਵੰਡੀਆਂ ਗਈਆਂ ਹਨ ਤੇ ਪੂਰੇ 6 ਮਹੀਨੇ (06 ਰਾਊਂਡ) ਮੁਕੰਮਲ ਹੋਣ ਤੱਕ ਇਹ ਸਿਲਸਿਲਾ ਜਾਰੀ ਰਹੇਗਾ।

ਐੱਸ ਡੀ ਐੱਮ ਨੇ ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ

ਤਪਾ ਮੰਡੀ (ਅਰੁਣ ਗੋਇਲ)-ਕਣਕ ਦੀ ਖਰੀਦ ਦਾ ਜਾਇਜ਼ਾ ਲੈਣ ਲਈ ਐੱਸ.ਡੀ.ਐੱਮ. ਤਪਾ ਗੋਪਾਲ ਸਿੰਘ ਪੀ ਸੀ ਐੱਸ ਨੇ ਮੁੱਖ ਯਾਰਡ ਸਮੇਤ ਪੱਖੋ ਕਲਾਂ ਵਿਖੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਆੜ੍ਹਤੀਆਂ ਨੂੰ ਹਦਾਇਤ ਕੀਤੀ ਕਿ ਮੀਂਹ ਦੇ ਮੌਸਮ ਹੋਣ ਕਾਰਨ ਮੰਡੀਆਂ 'ਚ ਆਈ ਹੋਈ ਕਣਕ ਦੀਆਂ ਢੇਰੀਆਂ ਨੂੰ ਢੱਕਣ ਲਈ ਤਰਪਾਲਾਂ ਦਾ ਇੰਤਜ਼ਾਮ ਕਰਕੇ ਰੱਖਣ, ਜੇਕਰ ਕੋਈ ਵੀ ਆੜ੍ਹਤੀਆ ਅਜਿਹੀ ਲਾਪ੍ਰਵਾਹੀ ਵਰਤੇਗਾ, ਉਸ ਖਿਲਾਫ ਕਾਰਵਾਈ ਕੀਤੀ ਜਾਵੇਗੀ। ਉਨ੍ਹਾ ਕਿਸਾਨਾਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਉਹ ਮੰਡੀਆਂ 'ਚ ਸੁੱਕੀ ਕਣਕ ਹੀ ਲੈ ਕੇ ਆਉਣ, ਸਰਕਾਰ ਉਨ੍ਹਾਂ ਦੀ ਕਣਕ ਦਾ ਦਾਣਾ-ਦਾਣਾ ਖਰੀਦ ਕਰੇਗੀ। ਇਸ ਮੌਕੇ ਐੱਸ.ਡੀ.ਐੱਮ. ਨੇ ਕਿਸਾਨਾਂ, ਆੜ੍ਹਤੀਆਂ ਤੇ ਮਜ਼ਦੂਰਾਂ ਦੀਆਂ ਮੁਸ਼ਕਲਾ ਸੁਨਣ ਉਪਰੰਤ ਹਾਜ਼ਰ ਖਰੀਦ ਏਜੰਸੀਆਂ ਨੂੰ ਹਦਾਇਤ ਕੀਤੀ ਕਿ ਕਣਕ ਦੀ ਬੋਲੀ ਲਾਉਣ ਤੋਂ ਬਾਅਦ ਅਦਾਇਗੀ ਤੇ ਲਿਫਟਿੰਗ ਨੂੰ ਵੀ ਯਕੀਨੀ ਬਣਾਇਆ ਜਾਵੇ। ਉਨ੍ਹਾ ਮੰਡੀ ਦਾ ਪੂਰੀ ਤਰ੍ਹਾਂ ਨਾਲ ਸਰਵੇਖਣ ਕਰਨ ਉਪਰੰਤ ਤਸੱਲੀ ਪ੍ਰਗਟ ਕੀਤੀ। ਇਸ ਮੌਕੇ ਸੱਤ ਪਾਲ ਮੋੜ, ਮਦਨ ਘੁੜੈਲਾ, ਸ਼ੰਟੀ ਮੋੜ, ਧਰੰਮਿੰਦਰ ਮਾਂਗਟ, ਅੰਗਰੇਜ ਸਿੰਘ, ਵਿਕਰਮ ਸਿੰਘ ਤੇ ਮੰਗਤ ਰਾਏ ਮਜ਼ਦੂਰ ਆਗੂ ਆਦਿ ਹਾਜ਼ਰ ਸਨ।

ਸੁਰਿੰਦਰ ਸਿੰਘ ਧਾਲੀਵਾਲ ਨੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਦਾ ਅਹੁਦਾ ਸੰਭਾਲਿਆ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸੁਰਿੰਦਰ ਸਿੰਘ ਧਾਲੀਵਾਲ ਨੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਦਾ ਆਹੁਦਾ ਸੰਭਾਲਿਆ। ਇਸ ਮੌਕੇ ਉਨ੍ਹਾਂ ਆਪਣੇ ਸਟਾਫ ਮੈਂਬਰਾਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਅਤੇ ਪੂਰੀ ਗੁਣਵੱਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਨੇਪਰੇ ਚਾੜ੍ਹਿਆ ਜਾਵੇ। ਉਨ੍ਹਾਂ ਕਿਹਾ ਕਿ ਉਹ ਬਹੁਤ ਭਾਗਸ਼ਾਲੀ ਹਨ ਕਿ ਉਨ੍ਹਾਂ ਨੂੰ ਸ਼ਹੀਦਾਂ ਦੀ ਪਵਿੱਤਰ ਧਰਤੀ ਤੇ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਉਹ ਹਮੇਸ਼ਾ ਲੋਕਾਂ ਦੇ ਕੰਮਾਂ ਲਈ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਕਰਨ ਲਈ ਤਤਪਰ ਰਹਿਣਗੇ। ਜ਼ਿਕਰਯੋਗ ਹੈ ਕਿ ਸ੍ਰੀ ਸੁਰਿੰਦਰ ਸਿੰਘ ਧਾਲੀਵਾਲ ਬੱਸੀ ਪਠਾਣਾਂ ਵਿਖੇ ਬੀਡੀਪੀਓ ਰਹਿਣ ਉਪਰੰਤ ਲੰਮਾਂ ਸਮਾਂ ਤਹਿਸੀਲ ਖਮਾਣੋਂ ਵਿਖੇ ਬਤੌਰ ਬੀਡੀਪੀਓ ਨਿਯੁਕਤ ਰਹੇ ਤੇ ਇਥੋਂ ਉਨ੍ਹਾਂ ਦੀ ਬਦਲੀ ਨਾਭਾ ਵਿਖੇ ਹੋ ਗਈ ਸੀ, ਜਿੱਥੇ ਬਤੌਰ ਬੀਡੀਪੀਓ ਸੇਵਾਵਾਂ ਨਿਭਾਉਣ ਉਪਰੰਤ ਉਹਨਾਂ ਦੀ ਬਦਲੀ ਜ਼ਿਲ੍ਹਾ ਰੂਪਨਗਰ (ਰੋਪੜ) ਵਿਖੇ ਹੋਈ ਸੀ, ਜਿੱਥੇ ਬਤੌਰ ਸੈਕਟਰੀ ਜ਼ਿਲ੍ਹਾ ਪ੍ਰੀਸਦ ਸੇਵਾਵਾਂ ਨਿਭਾਉਣ ਉਪਰੰਤ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਜ਼ਿਲ੍ਹਾ ਮੁਕਤਸਰ ਵਿਖੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ (ਡੀਡੀਪੀਓ) ਨਿਯੁਕਤ ਕੀਤਾ ਗਿਆ ਸੀ ਤੇ ਹੁਣ ਪੰਜਾਬ ਸਰਕਾਰ ਵੱਲੋਂ ਸੁਰਿੰਦਰ ਸਿੰਘ ਧਾਲੀਵਾਲ ਨੂੰ ਜ਼ਿਲ੍ਹਾ ਮੁਕਤਸਰ ਤੋਂ ਬਦਲ ਕੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿਖੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਿਯੁਕਤ ਕੀਤਾ ਗਿਆ ਹੈ।

ਐੱਸਐੱਫ਼ਸੀ ਸਕੂਲ 'ਚ ਕਰਾਈਆਂ ਇੰਟਰ ਹਾਊਸ ਸਰਗਰਮੀਆਂ

ਮੋਗਾ (ਅਮਰਜੀਤ ਬੱਬਰੀ) ਐੱਸ ਐੱਫ਼ ਸੀ ਕਾਨਵੈਂਟ ਸਕੂਲ ਜਲਾਲਾਬਾਦ ਵਿੱਚ ਇੰਟਰ ਹਾਊਸ ਸਰਗਰਮੀਆਂ ਕਰਾਈਆਂ ਗਈਆਂ, ਜਿਨ੍ਹਾਂ ਵਿੱਚ ਨੌਵੀਂ ਤੋਂ ਬਾਰ੍ਹਵੀਂ ਕਲਾਸਾਂ ਦੇ ਵਿਦਿਆਰਥੀਆਂ ਵਿਚਾਲੇ ਕੁਇਜ਼ ਮੁਕਾਬਲੇ ਕਰਾਏ ਗਏ। ਕੁਇਜ਼ ਜਨਰਲ ਨੌਲਜ ਤੇ ਮੈਥ ਨਾਲ ਸਬੰਧਤ ਸੀ, ਜਿਸ ਵਿੱਚ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਇਨ੍ਹਾਂ ਚਾਰਾਂ ਹਾਊਸਾਂ ਵਿੱਚੋਂ ਯੈਲੋ ਹਾਊਸ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸ ਮੁਕਾਬਲੇ ਵਿੱਚ ਬੱਚਿਆਂ ਨੇ ਟੈਕਨਾਲੋਜੀ 'ਤੇ ਡਿਬੇਟ ਕੀਤੀ। ਉਸ ਮੁਕਾਬਲੇ ਵਿੱਚ ਆਰਿਜ ਹਾਊਸ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਿੰਸੀਪਲ ਪਵਨਦੀਪ ਕੌਰ ਚਾਹਲ ਨੇ ਕਿਹਾ ਕਿ ਬੱਚਿਆਂ ਵਿੱਚ ਬਹੁਤ ਗੁਣ ਹੁੰਦੇ ਹਨ, ਅਸੀਂ ਅਧਿਆਪਕ ਹੀ ਹਾਂ, ਜੋ ਉਨ੍ਹਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਬਾਹਰ ਕੱਢ ਸਕਦੇ ਹਾਂ। ਇਸ ਤਰ੍ਹਾਂ ਅਸੀਂ ਇਨ੍ਹਾਂ ਸਰਗਰਮੀਆਂ ਰਾਹੀਂ ਬੱਚਿਆਂ 'ਚ ਵਧੀਆ ਗੁਣ ਭਰ ਸਕਦੇ ਹਾਂ ਅਤੇ ਬੱਚਿਆਂ ਨੂੰ ਉਨ੍ਹਾਂ ਦੇ ਗੁਣਾਂ ਤੋਂ ਜਾਣੂ ਕਰਾ ਸਕਦੇ ਹਾਂ।

ਸ਼ਹੀਦ ਕੁਲਵੰਤ ਸਿੰਘ ਦਾ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ

ਵਿਧਾਇਕ, ਡਿਪਟੀ ਕਮਿਸ਼ਨਰ, ਐੱਸ.ਐੱਸ.ਪੀ. ਸਮੇਤ ਹੋਰ ਸ਼ਖ਼ਸੀਅਤਾਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ

ਸ਼ਹੀਦ ਕੁਲਵੰਤ ਸਿੰਘ ਦੇ ਸਸਕਾਰ ਮੌਕੇ ਦੀਆਂ ਤਸਵੀਰਾਂ। (ਫੋਟੋ : ਭੁਪਿਦਰ ਸਿੰਘ)

ਮੋਗਾ (ਅਮਰਜੀਤ ਬੱਬਰੀ)-ਜ਼ਿਲ੍ਹਾ ਮੋਗਾ ਦੇ ਪਿੰਡ ਚੜਿੱਕ ਦੇ ਵਸਨੀਕ ਲਾਂਸ ਨਾਇਕ ਸ੍ਰ. ਕੁਲਵੰਤ ਸਿੰਘ, ਜੋ ਕਿ 4 ਸਿੱਖ ਲਾਈਟ ਇੰਫੈਂਟਰੀ ਵਿੱਚ ਸੀ, ਪਿਛਲੇ ਦਿਨੀਂ ਪੁਣਛ ਵਿੱਚ ਫੌਜੀ ਟਰੱਕ ਉੱਤੇ ਅੱਤਵਾਦੀ ਹਮਲੇ ਕਾਰਨ ਸ਼ਹੀਦ ਹੋ ਗਏ ਸਨ, ਦਾ ਅੰਤਿਮ ਸੰਸਕਾਰ ਅੱਜ ਉਨ੍ਹਾਂ ਦੇ ਪਿੰਡ ਚੜਿੱਕ ਵਿਖੇ ਪੂਰੇ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪ੍ਰਸ਼ਾਸਨਕ, ਪੁਲਸ, ਭਾਰਤੀ ਫੌਜ ਦੇ ਅਧਿਕਾਰੀਆਂ ਤੋਂ ਇਲਾਵਾ ਸਿਆਸੀ ਆਗੂਆਂ ਤੇ ਹੋਰ ਪਤਵੰਤਿਆਂ ਨੇ ਸ਼ਹੀਦ ਕੁਲਵੰਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਅੰਤਿਮ ਵਿਦਾਇਗੀ ਦੇਣ ਮੌਕੇ ਸ਼ਾਮਲ ਹੋਏ ਲੋਕਾਂ ਨੇ 'ਸ਼ਹੀਦ ਕੁਲਵੰਤ ਸਿੰਘ ਅਮਰ ਰਹੇ' ਦੇ ਨਾਅਰੇ ਲਗਾਏ। ਇਸ ਦੌਰਾਨ ਫੌਜ ਦੀ ਟੁੱਕੜੀ ਵੱਲੋਂ ਸ਼ਹੀਦ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਗਾਰਡ ਆਫ਼ ਆਨਰ ਦਿੱਤਾ ਗਿਆ। ਡਿਪਟੀ ਕਮਿਸ਼ਨਰ ਮੋਗਾ ਸ੍ਰ. ਕੁਲਵੰਤ ਸਿੰਘ ਨੇ ਵੀ ਸ਼ਹੀਦ ਕੁਲਵੰਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਸ਼ਹੀਦਾਂ ਦੇ ਪਰਿਵਾਰਾਂ ਨਾਲ ਹਮੇਸ਼ਾ ਖੜਾ ਹੈ ਤੇ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਦੀ ਹਰ ਵੇਲੇ ਤਤਪਰ ਹੈ। ਉਨ੍ਹਾ ਕੁਲਵੰਤ ਸਿੰਘ ਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ।

ਵਿਦਾਇਗੀ ਦਿੱਤੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤਰਫੋਂ ਵਿਧਾਇਕ ਮੋਗਾ ਡਾ. ਅਮਨਦੀਪ ਕੌਰ ਅਰੋੜਾ, ਡਿਪਟੀ ਕਮਿਸ਼ਨਰ ਮੋਗਾ ਸ੍ਰ. ਕੁਲਵੰਤ ਸਿੰਘ, ਸੀਨੀਅਰ ਕਪਤਾਨ ਪੁਲਸ ਮੋਗਾ ਸ੍ਰੀ ਜੇ. ਇਲਨਚੇਲੀਅਨ ਤੋਂ ਇਲਾਵਾ ਹੋਰ ਪ੍ਰਮੁੱਖ ਸ਼ਖਸੀਅਤਾਂ ਨੇ ਸ਼ਹੀਦ ਦੀ ਮ੍ਰਿਤਕ ਦੇਹ 'ਤੇ ਰੀਥਾਂ ਰੱਖ ਕੇ ਨਿੱਘੀ ਸ਼ਰਧਾਂਜਲੀ ਭੇਟ ਕੀਤੀ। ਸ਼ਹੀਦ ਨੂੰ ਅੰਤਿਮ

ਰਾਤ ਸਮੇਂ ਕਣਕ 'ਚ ਘਪਲਾ ਕਰਨ ਦੇ ਸ਼ੱਕ 'ਚ ਕਾਬੂ ਕੀਤੇ ਵਿਅਕਤੀ ਪੁਲਸ ਹਵਾਲੇ

ਗੋਦਾਮ ਇੰਚਾਰਜ ਨੇ ਦੋਸ਼ਾਂ ਨੂੰ ਨਿਕਾਰਿਆ, ਐੱਮ ਡੀ ਨੇ ਐੱਸ ਡੀ ਐੱਮ ਨੂੰ ਮਾਮਲੇ ਦੀ ਸੌਂਪੀ ਜਾਂਚ

ਪਾਤੜਾਂ (ਨਿਸਾਨ ਸਿੰਘ ਬਣਵਾਲਾ)

ਖਰੀਦ ਏਜੰਸੀ ਮਾਰਕਫੈੱਡ ਦੇ ਪਾਤੜਾਂ ਸਥਿਤ ਕਣਕ ਦੇ ਗੋਦਾਮ ਵਿੱਚ ਬੀਤੀ ਦੇਰ ਰਾਤ ਉਸ ਵੇਲੇ ਭ

23-April-PAGE-11.qxd 4/22/2023 9:30 PM Page 1

ਕਿਰਤੀ ਇੱਕਮੁੱਠ ਹੋ ਕੇ ਪੂੰਜੀਵਾਦੀ ਪ੍ਰਬੰਧ ਦਾ ਖਾਤਮਾ ਕਰਨ ਦੇ ਰਾਹ 'ਤੇ : ਮਾੜੀਮੇਘਾ

ਤਰਨ ਤਾਰਨ (ਨ ਜ਼ ਸ)-ਰੋਡਵੇਜ਼ ਦੀ ਰਿਟਾਇਰੀ ਯੂਨੀਅਨ ਏਟਕ ਵੱਲੋਂ ਮਹਾਨ ਕ੍ਰਾਂਤੀਕਾਰੀ ਵੀ ਆਈ ਲੈਨਿਨ ਦੇ 153ਵੇਂ ਜਨਮ ਦਿਹਾੜੇ 'ਤੇ ਰੋਡਵੇਜ਼ ਏਟਕ ਦੇ ਦਫਤਰ ਤਰਨਤਾਰਨ ਵਿਖੇ ਵਿਚਾਰ ਗੋਸ਼ਟੀ ਕੀਤੀ ਗਈ। ਸੰਬੋਧਨ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਲੈਨਿਨ ਉਹ ਇਨਕਲਾਬੀ ਸੀ ਜਿਸ ਨੇ ਰੂਸ ਵਿੱਚ ਪੂੰਜੀਵਾਦੀ ਹਕੂਮਤ ਦੇ ਤਖਤੇ ਪਲਟ ਕੇ ਕਿਰਤੀਆਂ ਦੀ ਹਕੂਮਤ ਕਾਇਮ ਕਰਕੇ ਇਹ ਸਾਬਤ ਕਰ ਦਿੱਤਾ ਸੀ ਕਿ ਪੂੰਜੀਵਾਦੀ ਮੱਤ ਸਮਝਣ ਕਿ ਹਮੇਸ਼ਾ ਹੀ ਪੈਸੇ ਦੀ ਧੌਂਸ ਨਾਲ ਸਾਡਾ ਰਾਜ ਚਲਦਾ ਰਹੇਗਾ। ਲੈਨਿਨ ਨੇ ਇਕੱਲਾ ਪੂੰਜੀਪਤੀਆਂ ਦਾ ਰਾਜ ਪ੍ਰਬੰਧ ਖਤਮ ਹੀ ਨਹੀਂ ਸੀ ਕੀਤਾ ਸਗੋਂ ਜਿਹੜੇ ਪੂੰਜੀਵਾਦੀ ਪ੍ਰਬੰਧ ਵਿੱਚ ਸਭ ਨੂੰ ਰੁਜ਼ਗਾਰ, ਵਿੱਦਿਆ, ਸਿਹਤ ਤੇ ਘਰ ਮੁਹੱਈਆ ਨਹੀਂ ਸੀ ਕੀਤੇ ਜਾਂਦੇ ਉਹ ਵੀ ਲੋਕਾਂ ਨੂੰ ਮੁਹੱਈਆ ਕਰ ਕੇ ਵਿਖਾਏ। ਕਿਰਤੀਆਂ ਦੀ ਹਕੂਮਤ ਵਿੱਚ ਬੇਰੁਜ਼ਗਾਰੀ ਤੇ ਅਨਪੜ੍ਹਤਾ ਦਾ ਕੋਈ ਨਾਂਅ ਥੇਹ ਨਹੀਂ ਸੀ। ਸਾਰੇ ਲੋਕ ਅਮੀਰ ਭਾਵ ਖੁਸ਼ਹਾਲ ਸਨ। ਮਾੜੀਮੇਘਾ ਨੇ ਕਿਹਾ ਕਿ ਦੁਨੀਆਂ ਦੇ ਪੂੰਜੀਵਾਦ ਨੂੰ ਕਿਰਤੀਆਂ ਦਾ ਪ੍ਰਬੰਧ ਸਤਾਉਣ ਲੱਗ ਪਿਆ ਤੇ ਮਜਬੂਰੀ ਵੱਸ ਪੂੰਜੀਵਾਦੀ ਹਕੂਮਤਾਂ ਨੂੰ ਵੀ ਲੋਕਾਂ ਨੂੰ ਕੁੱਝ ਰਿਆਇਤਾਂ ਦੇਣੀਆਂ ਪਈਆਂ। ਪੂੰਜੀਪਤੀਆਂ ਨੇ ਠਾਣ ਲਿਆ ਕਿ ਜੇ ਕਿਰਤੀ ਪ੍ਰਬੰਧ ਨੂੰ ਨਾ ਰੋਕਿਆ ਗਿਆ ਤੇ ਇਹ ਅੱਖ ਝਪਕਦਿਆਂ ਹੀ ਦੁਨੀਆਂ ਵਿੱਚ ਫੈਲ ਜਾਵੇਗਾ। ਅਖੀਰ ਪੂੰਜੀਪਤੀ ਰੋਕਣ ਵਿੱਚ ਕਾਮਯਾਬ ਹੋ ਗਏ ਤੇ ਰੂਸ ਸਮੇਤ ਕਈ

ਮੁਲਕਾਂ ਵਿੱਚੋਂ ਕਿਰਤੀਆਂ ਦੀਆਂ ਹਕੂਮਤਾਂ ਦੇ ਤਖਤੇ ਪਲਟ ਦਿੱਤੇ ਗਏ ਪਰ ਸੱਚਾ ਗਿਆਨ ਰੋਕਿਆ ਨਹੀਂ ਜਾ ਸਕਦਾ, ਇਹ ਫੈਲਦਾ ਹੀ ਫੈਲਦਾ ਹੈ। ਹੁਣ ਫਿਰ ਦੁਨੀਆਂ ਵਿੱਚ ਕਰਵਟ ਹੈ ਤੇ ਕਿਰਤੀ ਇੱਕਮੁੱਠ ਹੋ ਕੇ ਪੂੰਜੀਵਾਦੀ ਪ੍ਰਬੰਧ ਦਾ ਖਾਤਮਾ ਕਰਨ ਦੇ ਰਾਹ ਤੁਰੇ ਹਨ। ਸਾਡੇ ਦੇਸ਼ ਵਿੱਚ ਕਿਰਤੀਆਂ ਦਾ ਰਾਜ ਪ੍ਰਬੰਧ ਕਾਇਮ ਕਰਨ ਲਈ ਪਹਿਲਾਂ ਗਦਰੀਆਂ ਨੇ ਜੰਗ ਛੇੜੀ ਤੇ ਕੁਰਬਾਨੀ ਦਿੱਤੀ। ਫਿਰ ਭਗਤ ਸਿੰਘ ਦਾ ਕ੍ਰਾਂਤੀਕਾਰੀ ਦਲ ਅੱਗੇ ਆਇਆ। ਉਸ ਨੂੰ ਕਾਂਗਰਸੀ ਸੋਚ ਨੇ ਕੁਚਲ ਦਿੱਤਾ ਤੇ ਕਾਂਗਰਸ ਪਾਰਟੀ ਨੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੂੰਜੀਵਾਦੀ ਪ੍ਰਬੰਧ ਕਾਇਮ ਕਰ ਲਿਆ। ਕਾਂਗਰਸ ਨੇ ਦੇਸ਼ ਦੀ ਧੰਨ ਦੌਲਤ ਰੱਜ ਰੱਜ ਲੁੱਟੀ। ਜਦੋਂ ਲੋਕ ਕਾਂਗਰਸ ਤੋਂ ਦੁਖੀ ਹੋ ਗਏ ਤਾਂ ਲੁਟੇਰਿਆਂ ਨੇ ਬੀਜੇਪੀ ਨੂੰ ਰਾਜਗੱਦੀ ਤੇ ਬਿਠਾ ਦਿੱਤਾ ਅਤੇ ਰਹਿੰਦੀ ਕਸਰ ਬੀਜੇਪੀ ਨੇ ਕੱਢ ਦਿੱਤੀ ਹੈ। ਹੁਣ ਕਾਰਪੋਰੇਟ ਕੁਝ ਲਚਕਦਾਰ ਆਪ ਪਾਰਟੀ ਨੂੰ ਦੇਸ ਦੀ ਸਤਾ ਸੌਂਪਣ ਜਾ ਰਹੇ ਹਨ ਚਲੋ ਜੇ ਆਪ ਕੋਲ ਦੇਸ ਆ ਜਾਂਦਾ ਹੈ ਤੇ ਲੋਕਾਂ ਦੀ ਉਮਰ ਕੁੱਝ ਵੱਧ ਜਾਏਗੀ। ਪਰ ਪੱਕਾ ਹੱਲ ਸਮਾਜਵਾਦ ਹੀ ਹੈ ਇਹ ਕਮਿਊਨਿਸਟ ਹੀ ਲਿਆ ਸਕਦੇ ਹਨ। ਇਸ ਲਈ ਏਧਰ ਓਧਰ ਨੂੰ ਛੱਡ ਕੇ ਕਮਿਊਨਿਸਟ ਪਾਰਟੀ ਨੂੰ ਮਜਬੂਤ ਕਰਨ ਨੂੰ ਪਹਿਲ ਦੇਣੀ ਬਣਦੀ ਹੈ। ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਐੱਸ. ਈ. ਗੁਰਚਰਨ ਸਿੰਘ ਖਹਿਰਾ ਦੀ ਬਦਲੀ ਰੱਦ ਕਰਨ ਦਾ ਮਤਾ ਪਾਸ ਕਰਾਇਆ। ਸਮਾਗਮ ਨੂੰ ਏਟਕ ਦੇ ਆਗੂ ਸੁੱਚਾ ਸਿੰਘ ਧੌਲ, ਅਜਮੇਰ ਸਿੰਘ ਕੱਲਾ, ਰਛਪਾਲ ਸਿੰਘ ਬਾਠ, ਸਵਰਣ ਸਿੰਘ, ਕਾਰਜ ਸਿੰਘ ਕੈਰੋਂ, ਗੁਰਪ੍ਰੀਤ ਸਿੰਘ ਗੰਡੀਵਿੰਡ ਤੇ ਰਜਵੰਤ ਸਿੰਘ ਬਾਗੜੀ ਨੇ ਵੀ ਸੰਬੋਧਨ ਕੀਤਾ।

ਫਸਲਾਂ ਦੇ ਖਰਾਬੇ ਦਾ ਕੇਂਦਰ ਸਰਕਾਰ ਯੋਗ ਮੁਆਵਜ਼ਾ ਦੇਵੇ: ਅਰੋੜਾ

ਤਰਨ ਤਾਰਨ (ਸਾਗਰਦੀਪ ਸਿੰਘ ਅਰੋੜਾ)

ਭਾਰੀ ਗੜੇਮਾਰੀ ਤੇ ਮੀਂਹ ਕਰਕੇ ਖੜ੍ਹੀਆਂ ਫਸਲਾਂ ਖਰਾਬ ਹੋ ਗਈਆਂ। ਦੂਜੇ ਪਾਸੇ ਕੇਂਦਰ ਸਰਕਾਰ ਨੇ ਬਜਾਏ ਕਿਸਾਨਾਂ ਦੀ ਕੋਈ ਮਦਦ

ਕਰਨ ਦੀ ਥਾਂ ਉਲਟਾ 37 ਰੁਪਏ ਪ੍ਰਤੀ ਕੁਇੰਟਲ ਰੇਟ ਘਟਾ ਕੇ ਉਨ੍ਹਾਂ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ। ਇਨ੍ਹਾਂ ਗੱਲਾਂ ਦਾ ਜ਼ਿਕਰ ਪੱਤਰਕਾਰਾਂ ਨਾਲ ਕਰਦਿਆਂ ਲੋਕ ਲਹਿਰ ਪਾਰਟੀ ਦੇ ਪ੍ਰਧਾਨ ਗੁਰਜੀਤ ਸਿੰਘ ਅਰੋੜਾ ਨੇ ਕਿਹਾ ਕਿ ਫੋਕੇ ਨਾਅਰਿਆਂ ਨਾਲ ਜਨਤਾ ਨੂੰ ਮੂਰਖ ਬਣਾਉਣ ਵਾਲੀ ਭਾਜਪਾ ਦੀ ਮੋਦੀ ਸਰਕਾਰ ਨੇ ਦੇਸ਼ ਦੇ ਲੋਕਾਂ ਦੇ ਔਖੇ ਵੇਲੇ ਉਨ੍ਹਾਂ ਦੀ ਬਾਂਹ ਫੜਨ ਦੀ ਬਜਾਏ ਹਮੇਸ਼ਾ ਸਰਮਾਏਦਾਰਾਂ ਨਾਲ ਮਿਲ ਕੇ ਅੱਜ ਤੱਕ ਲੁੱਟਿਆ ਹੀ ਹੈ। ਕਰੋਨਾ ਕਾਲ ਦੌਰਾਨ ਅੱਗ ਫੱਕ ਵਧੇ ਘਰੇਲੂ ਵਸਤਾਂ ਦੇ ਭਾਅ ਹੁਣ ਤੱਕ ਲੋਕਾਂ ਦੀਆਂ ਜੇਬਾਂ 'ਤੇ ਬੋਝ ਬਣੇ ਹੋਏ ਹਨ। ਆਗੂਆਂ ਨੇ ਕੇਂਦਰ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਕਿ ਕਿਸਾਨਾਂ ਦੀਆਂ ਖਰਾਬ ਹੋਈਆਂ ਫਸਲਾਂ ਦਾ ਯੋਗ ਮੁਆਵਜ਼ਾ ਦੇਵੇ। ਆਗੂਆਂ ਕਿਹਾ ਕਿ ਜੇਕਰ ਵਾਕਈ ਮੋਦੀ ਸਰਕਾਰ ਕਿਸਾਨਾਂ ਦੀ ਹਮਦਰਦ ਹੈ ਤਾਂ ਖਰਾਬ ਹੋਈਆਂ ਫਸਲਾਂ ਤੇ 100 ਪ੍ਰਤੀਸ਼ਤ ਮੁਆਵਜ਼ਾ ਦੇਣ ਦਾ ਹੌਸਲਾ ਕਰੇ। ਇਸ ਮੌਕੇ ਮਲਕੀਅਤ ਸਿੰਘ ਜਨਰਲ ਸਕੱਤਰ, ਰਿਟਾ ਲੈਕਚਰਾਰ ਸ਼ਕਤੀ ਸ਼ਰਮਾ, ਸਲਾਹਕਾਰ ਹਰਜਿੰਦਰ ਸਿੰਘ ਵਾਲੀਆ, ਪ੍ਰੈਸ ਸਕੱਤਰ ਅਮਰਜੀਤ ਸਿੰਘ ਠੇਕੇਦਾਰ, ਜ਼ਿਲਾ ਪ੍ਰਧਾਨ ਬਲਦੇਵ ਸਿੰਘ, ਸ਼ਹਿਰੀ ਪ੍ਰਧਾਨ ਡਾ. ਲਾਲ ਸਿੰਘ, ਪ੍ਰਧਾਨ ਕਿਸਾਨ ਵਿੰਗ ਕੁਲਵਿੰਦਰ ਸਿੰਘ, ਖਜਾਨਚੀ ਕੇਵਲ ਕ੍ਰਿਸ਼ਨ, ਸਕੱਤਰ ਕਰਮਨ ਸਿੰਘ, ਕੈਪਟਨ ਰਾਜਿੰਦਰ ਸਿੰਘ, ਹਰਦੇਵ ਸਿੰਘ ਪਿੰਕਾ, ਜਸਵਿੰਦਰ ਸ਼ਰਮਾ ਅਤੇ ਰੂਬਲ ਸਿੰਘ ਹਾਜ਼ਰ ਸਨ।

ਕਬੱਡੀ ਕੱਪ 'ਚ ਦੂਸਰਾ ਸਥਾਨ ਹਾਸਲ

ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)-ਸੰਤ ਬਾਬਾ ਸੁੱਖਾ ਸਿੰਘ ਦੀ ਸਰਪ੍ਰਸਤੀ ਵਾਲਾ ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਪਿੰਡ ਸੋਹਾਵਾ ਚਾਰੇ ਪਾਸੇ ਤਰੱਕੀ ਕਰ ਰਿਹਾ ਹੈ। 20.04.2023 ਨੂੰ ਬਿਆਸ ਦੇ ਸੈਕਰਡ ਹਾਰਟ ਕਾਨਵੈਂਟ ਸਕੂਲ ਵਿੱਚ ਹੋਏ ASISC

ਜ਼ੋਨਲ ਪੱਧਰੀ ਕਬੱਡੀ ਮੁਕਾਬਲੇ 2023 ਵਿੱਚ ਸਾਡੀ ਕਬੱਡੀ ਟੀਮ ਨੇ ਬਹੁਤ ਸਫਲਤਾਪੂਰਵਕ ਦੂਜਾ ਸਥਾਨ ਪ੍ਰਾਪਤ ਕੀਤਾ ਹੈ। ਟੀਮ ਦੀ ਅਗਵਾਈ ਮੈਡਮ ਵੀਰਪਾਲ ਕੌਰ ਡੀਪੀਈ ਅਤੇ ਸੰਦੀਪ ਸਿੰਘ ਡੀਪੀਈ ਸਤੀਸ਼ ਕੁਮਾਰ ਦੁੱਗਲ ਡਾਇਰੈਕਟਰ ਅਤੇ ਡਾ: ਗੀਤੂ ਪ੍ਰਿੰਸੀਪਲ ਨੇ ਸਮੁੱਚੀ ਟੀਮ ਨੂੰ ਵਧਾਈ ਦਿੱਤੀ।

ਮੁਫਤ ਆਯੁਰਵੈਦਿਕ ਕੈਂਪ ਅੱਜ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਤ੍ਰਿਖਾ ਆਯੁਰਵੈਦਿਕਸ ਵਿਖੇ ਭਾਰਤ ਵਿਕਾਸ ਪ੍ਰੀਸਦ ਵੱਲੋਂ ਮੁਫਤ ਆਯੁਰਵੈਦਿਕ ਕੈਂਪ ਲਗਾਇਆ ਜਾ ਰਿਹਾ ਹੈ ਜਿਸ ਦੀ ਪ੍ਰਧਾਨਗੀ ਪ੍ਰਧਾਨ ਰਾਕੇਸ਼ ਮਹਾਜਨ ਕਰਨਗੇ। ਜਾਣਕਾਰੀ ਦਿੰਦਿਆਂ ਪ੍ਰਧਾਨ ਰਾਕੇਸ਼ ਮਹਾਜਨ ਨੇ ਦੱਸਿਆ ਕਿ 23 ਅਪ੍ਰੈਲ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਕੈਂਪ ਲਗਾਇਆ ਜਾਵੇਗਾ। ਕੈਂਪ ਰਾਜੇਸ਼ ਤ੍ਰਿਖਾ, ਡਾ. ਨਿਸ਼ਾਂਤ ਤ੍ਰਿਖਾ, ਡਾ. ਮਯੰਕ ਤ੍ਰਿਖਾ ਦੀ ਨਿਗਰਾਨੀ ਹੇਠ ਲਗਾਇਆ ਜਾਵੇਗਾ। ਕੈਂਪ ਵਿੱਚ ਮਾਹਿਰ ਡਾਕਟਰਾਂ ਦੀਆਂ ਟੀਮਾਂ ਵੱਲੋਂ ਮੁਫਤ ਸਲਾਹ, ਦਵਾਈ ਅਤੇ ਪੰਚਕਰਮਾ ਕੀਤਾ ਜਾਵੇਗਾ।

ਚੇਅਰਮੈਨ ਸੇਖਵਾਂ ਨੇ ਵੱਖ-ਵੱਖ ਦਾਣਾ ਮੰਡੀਆਂ 'ਚ ਖਰੀਦ ਪਬੰਧਾਂ ਦਾ ਲਿਆ ਜਾਇਜ਼ਾ

ਗੁਰਦਾਸਪੁਰ, (ਜਨਕ ਮਹਾਜਨ)-ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਵੱਲੋਂ ਵਿਧਾਨ ਸਭਾ ਹਲਕਾ ਕਾਦੀਆਂ ਦੀਆਂ ਭੈਣੀ ਮੀਆਂ ਖਾਂ, ਕਾਹਨੂੰਵਾਨ ਅਤੇ ਲਾਧੂਪੁਰ ਦਾਣਾ ਮੰਡੀਆਂ ਦਾ ਵਿਸ਼ੇਸ਼ ਦੌਰਾ ਕਰਕੇ ਕਣਕ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਸੇਖਵਾਂ ਨੇ ਕਿਹਾ ਕਿ ਕਣਕ ਦੀ ਖਰੀਦ ਦੇ ਪ੍ਰਬਤਾ ਪ੍ਰਬੰਧ ਕੀਤੇ ਗਏ ਹਨ ਅਤੇ ਮੰਡੀਆਂ ਅੰਦਰ ਕਿਸਾਨਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਖਰੀਦੀ ਗਈ ਫਸਲ ਦੀ ਅਦਾਇਗੀ 24 ਘੰਟਿਆਂ ਦੇ ਅੰਦਰ-ਅੰਦਰ ਕਿਸਾਨਾਂ ਦੇ ਖਾਤਿਆਂ ਵਿੱਚ ਪੈ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਕਿਸਾਨਾਂ ਨੂੰ ਬਿਨ੍ਹਾਂ ਕਿਸੇ ਦੇਰੀ ਉਨ੍ਹਾਂ ਦੀ ਫਸਲ ਦਾ ਖਰਾਬਾ ਦਿੱਤਾ ਗਿਆ ਹੋਵੇ। ਮੰਡੀਆਂ ਦੇ ਦੌਰੇ ਦੌਰਾਨ ਚੇਅਰਮੈਨ ਸੇਖਵਾਂ ਨੇ ਮੰਡੀ ਬੋਰਡ, ਫੂਡ ਸਪਲਾਈ ਅਤੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਕਣਕ ਦੀ ਖਰੀਦ ਵਿੱਚ ਹੋਰ ਤੇਜ਼ੀ ਲਿਆਉਣ ਦੀਆਂ ਹਦਾਇਤਾਂ ਵੀ ਦਿੱਤੀਆਂ।

ਲੁਧਿਆਣਾ 'ਚ ਲਾਂਚ ਗ੍ਰੇਟ ਇੰਡੀਅਨ ਰੈਸਟੋਰੈਂਟ ਫੈਸਟੀਵਲ ਲਾਂਚ

ਲੁਧਿਆਣਾ : ਭਾਰਤ ਦੇ ਪ੍ਰਮੁੱਖ ਆਨਲਾਈਨ ਫੂਡ ਡਿਲੀਵਰੀ ਪਲੇਟਫ਼ਾਰਮ ਸਵਿੱਗੀ ਨੇ ਪਹਿਲੀ ਵਾਰ ਆਪਣੀ ਐਪ 'ਤੇ ਸਵਿੱਗੀ ਡਾਈਨ-ਆਊਟ ਦੇ ਜ਼ਰੀਏ ਡਾਈਨ-ਆਊਟ ਫਲੈਗਸ਼ਿਪ ਪ੍ਰੋਗਰਾਮ, ਗ੍ਰੇਟ ਇੰਡੀਅਨ ਰੈਸਟੋਰੈਂਟ ਫੈਸਟੀਵਲ (ਜੀਆਈਆਰਐੱਫ) ਨੂੰ ਲਾਂਚ ਕਰਨ ਦਾ ਐਲਾਨ ਕੀਤਾ ਹੈ। ਇਹ ਆਫਰ 4 ਜੂਨ, 2023 ਤੱਕ ਉਪਲਬਧ ਰਹੇਗਾ। ਇਸ ਫੈਸਟੀਵਲ ਦੇ 7ਵੇਂ ਐਡੀਸ਼ਨ ਦੇ ਤਹਿਤ ਸਵਿੱਗੀ ਡਾਈਨ-ਆਊਟ ਦੇ ਖ਼ਪਤਕਾਰ ਚੰਡੀਗੜ੍ਹ ਵਿੱਚ 40 ਤੋਂ ਵੱਧ ਰੈਸਟੋਰੈਂਟਾਂ ਵਿੱਚ ਫਲੈਟ 50 ਪ੍ਰਤੀਸ਼ਤ ਦੀ ਛੋਟ ਦਾ ਲਾਭ ਲੈ ਸਕਣਗੇ। ਇਸ ਤੋਂ ਇਲਾਵਾ ਉਨ੍ਹਾਂ ਨੂੰ ਐੱਚਡੀਐੱਫਸੀ ਬੈਂਕ ਕ੍ਰੈਡਿਟ ਕਾਰਡ ਉੱਤੇ 15 ਪ੍ਰਤੀਸ਼ਤ ਦੀ ਵਾਧੂ (50 ਪ੍ਰਤੀਸ਼ਤ ਤੋਂ ਇਲਾਵਾ) ਛੋਟ ਦਾ ਲਾਭ ਵੀ ਮਿਲੇਗਾ। ਸਵਿੱਗੀ ਡਾਈਨ-ਆਊਟ ਦੇ ਸਹਿ-ਸੰਸਥਾਪਕ ਅਤੇ ਵੀਪੀ ਅੰਕਿਤ ਮਹਿਰੋਤਰਾ ਨੇ ਕਿਹਾ ਕਿ ਅਸੀਂ ਸਵਿੱਗੀ ਐਪ ਉੱਤੇ ਪਹਿਲੀ ਵਾਰ ਗ੍ਰੇਟ ਇੰਡੀਅਨ ਰੈਸਟੋਰੈਂਟ ਫੈਸਟੀਵਲ ਨੂੰ ਲਾਂਚ ਕੀਤਾ ਹੈ ਅਤੇ ਮੈਂ ਇਹ ਐਲਾਨ ਕਰਦੇ ਹੋਏ ਬਹੁਤ ਉਤਸ਼ਾਹਿਤ ਹਾਂ ਕਿ ਅਸੀਂ ਆਪਣੇ ਖ਼ਪਤਕਾਰਾਂ ਲਈ ਡਾਈਨਿੰਗ ਦੇ ਇੱਕ ਨਵੇਂ ਅਨੁਭਵ ਦੀ ਰਾਹ ਖੋਲ੍ਹ ਰਹੇ ਹਾਂ। ਇਸ ਸਾਂਝੇ ਯਤਨ ਨਾਲ ਉਨ੍ਹਾਂ ਨੂੰ ਬਿਹਤਰੀਨ ਪਕਵਾਨ ਅਜ਼ਮਾਉਣ ਦਾ ਮੌਕਾ ਮਿਲੇਗਾ ਅਤੇ ਰੈਸਟੋਰੈਂਟ ਇੰਡਸਟਰੀ ਨੂੰ ਵੀ ਫਾਇਦਾ ਹੋਵੇਗਾ।

ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਲੈ ਕੇ ਇੰਪਲਾਈਜ਼ ਫੈਡਰੇਸ਼ਨ ਏਟਕ ਵੱਲੋਂ ਰੈਲੀ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)

ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਲੈ ਕੇਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਵਲੋਂ ਮੰਡਲ ਧਾਰੀਵਾਲ ਵਿਖੇ ਨਿਸ਼ਾਨ ਸਿੰਘ

ਸੋਹਲ ਦੀ ਅਗਵਾਈ ਹੇਠ ਸਰਕਾਰ ਅਤੇ ਪਾਵਰਕੌਮ ਮੈਨੇਜਮੈਂਟ ਖਿਲਾਫ਼ ਰੋਸ ਰੈਲੀ ਕੀਤੀ ਗਈ। ਰੈਲੀ ਵਿੱਚ ਸਰਕਲ ਗੁਰਦਾਸਪੁਰ ਦੇ ਸਕੱਤਰ ਰਣਧੀਰ ਸਿੰਘ ਕਾਹਲੋਂ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਰੈਲੀ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਮਹਿਕਮਾ ਪਾਵਰਕੌਮ ਅੰਦਰ ਸੀ ਆਰ ਏ 295/19 ਵਾਲੇ ਭਰਤੀ ਸਹਾਇਕ ਲਾਈਨਮੈਨਾਂ ਨਾਲ ਹੋ ਰਹੀ ਧੱਕੇਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਸ ਸਮੇਂ ਇਨ੍ਹਾਂ ਕਰਮਚਾਰੀਆਂ ਦੇ ਦਸਤਾਵੇਜ਼ ਦੀ ਜਾਂਚ ਕਰਕੇ ਮਹਿਕਮੇ ਵੱਲੋਂ ਨਿਯੁਕਤੀ ਪੱਤਰ ਜਾਰੀ ਕਰ ਦਿੱਤੇ ਗਏ ਸਨ ਅਤੇ ਇਨ੍ਹਾਂ ਬਿਜਲੀ ਕਾਮਿਆਂ ਨੇ ਆਪਣਾ 3 ਸਾਲ ਦਾ ਪਰਖ ਸਮਾਂ ਵੀ ਪੂਰਾ ਕਰ ਲਿਆ ਹੈ। ਉਨ੍ਹਾਂ ਨੇ ਤਿੰਨ ਸਾਲ ਦਾ ਪਰਖ ਸਮਾਂ ਪੂਰਾ ਕਰ ਚੁੱਕੇ ਸਹਾਇਕ ਲਾਇਨਮੈਨਾਂ ਦੀ ਪੂਰੀ ਤਨਖਾਹ ਬਣਾਉਣ ਦੀ ਮੰਗ ਕੀਤੀ। ਬੁਲਾਰਿਆਂ ਨੇ ਕਿਹਾ ਜੇਕਰ ਪਾਵਰਕੌਮ ਦੀ ਮੈਨੇਜਮੈਂਟ ਅਤੇ ਸਰਕਾਰ ਨੇ ਆਪਣਾ ਰਵੱਈਆ ਇਨ੍ਹਾਂ ਸਹਾਇਕ ਲਾਈਨਮੈਨਾਂ ਪ੍ਰਤੀ ਨਰਮ ਨਾ ਕੀਤਾ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਰੈਲੀ ਵਿੱਚ ਰਣਧੀਰ ਸਿੰਘ ਕਾਹਲੋਂ, ਨਿਸ਼ਾਨ ਸਿੰਘ ਸੋਹਲ, ਲਖਬੀਰ ਸਿੰਘ ਡੇਹਰੀਵਾਲ, ਕੁਲਵਿੰਦਰ ਸਿੰਘ ਖੁੰਡਾ, ਵਿਕਟਰ ਮਸੀਹ, ਯਾਦਵਿੰਦਰ ਸਿੰਘ ਕੋਹਾੜ, ਜਸਪਾਲ, ਬੂਟਾ ਸਿੰਘ ਫੱਤੇਨੰਗਲ, ਮਲਕੀਤ ਕੰਗ ਆਦਿ ਬਿਜਲੀ ਕਾਮੇ ਸ਼ਾਮਲ ਸਨ।

ਮਿਸ਼ਰਤ ਅਨਾਜ ਅੱਜ ਦੇ ਸਮੇਂ ਦੀ ਮੁੱਖ ਲੋੜ : ਪ੍ਰੋ. ਦੀਕਸ਼ਾ ਮਹਾਜਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖ਼ਾਲਸਾ ਕਾਲਜ ਫ਼ਾਰ ਵੂਮੈਨ ਦੇ 24 ਪੀ. ਬੀ. ਬੀ. ਐਨ. ਐਨ. ਸੀ. ਸੀ. ਯੂਨਿਟ ਵੱਲੋਂ ਮਿਸ਼ਰਤ ਅਨਾਜ ਦਾ ਅੰਤਰਰਾਸ਼ਟਰੀ ਵਰ੍ਹਾ ਮਨਾਉਣ ਦੇ ਮਕਸਦ ਤਹਿਤ ਸੈਮੀਨਾਰ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਸੁਰਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਕਰਵਾਏ ਇਸ ਸੈਮੀਨਾਰ 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਐਗਰੀਕਲਚਰ ਵਿਭਾਗ ਅਸਿਸਟੈਂਟ ਪ੍ਰੋ: ਦੀਕਸ਼ਾ ਮਹਾਜਨ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕਰਦਿਆਂ ਵਿਦਿਆਰਥਣਾਂ ਨੂੰ ਸੰਬੋਧਨ 'ਚ ਕਿਹਾ ਕਿ ਮਿਸ਼ਰਤ ਅਨਾਜ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ। ਸਾਨੂੰ ਆਪਣੀ ਸਿਹਤ ਨੂੰ ਤੰਦਰੁਸਤ ਤੇ ਰੋਗ ਰਹਿਤ ਰੱਖਣ ਲਈ ਆਪਣੀ ਖੁਰਾਕ ਵੱਲ ਵ

23-April-PAGE-12.qxd 4/22/2023 9:28 PM Page 1

ਦੋਆਬਾ ਜਨਰਲ ਕੈਟੇਗਰੀਜ਼ ਫਰੰਟ ਤੇ ਵਿਸ਼ਵ ਦੋਆਬਾ ਰਾਜਪੂਤ ਸਭਾ ਵੱਲੋਂ 24 ਨੂੰ ਡੀ ਸੀ ਨੂੰ ਦਿੱਤਾ ਜਾਵੇਗਾ ਮੰਗ ਪੱਤਰ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਅੱਜ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਬਲਵੀਰ ਸਿੰਘ ਫੁੱਗਲਾਣਾ ਪ੍ਰਧਾਨ ਵਿਸ਼ਵ ਦੋਆਬਾ ਰਾਜਪੂਤ ਸਭਾ ਅਤੇ ਜਨਰਲ ਕੈਟਗਰੀਜ਼ ਫਰੰਟ ਪੰਜਾਬ ਨੇ ਦੱਸਿਆ ਕਿ ਪਿੰਡ ਫੁਗਲਾਣਾ ਤੋਂ ਭੁੰਗਰਨੀ ਨੂੰ ਜਾਂਦੀ ਪੱਕੀ ਸੜਕ ਵਿਚਕਾਰ ਪਿੰਡ ਫੁਗਲਾਣਾ ਦੀ ਗ੍ਰਾਮ ਪੰਚਾਇਤ ਵੱਲੋਂ ਪਿੰਡ ਦੀਆਂ ਗਲੀਆਂ ਨਾਲੀਆਂ ਦੇ ਨਿਕਾਸ ਲਈ ਸਰਕਾਰੀ ਤੌਰ 'ਤੇ 365 ਕਰਮ ਲੰਬਾ ਅਤੇ 5 ਕਰਮ ਚੌੜਾ ਨਾਲਾ ਲੱਗਿਆ ਹੋਇਆ ਹੈ ਪਰ ਇਸ ਸਮੇਂ ਇਸ ਦੀ ਚੌੜਾਈ ਨਾਮਾਤਰ ਹੀ ਹੈ। ਇਸ ਨਾਲੇ ਦੀ ਮਿਣਤੀ ਸੰਬੰਧੀ ਸੰਬੰਧਤ ਮਹਿਕਮੇ ਨੂੰ ਕਈ ਵਾਰ ਬੇਨਤੀ ਕਰਨ ਦੇ ਬਾਵਜੂਦ ਇਸ 'ਤੇ ਕੋਈ ਕਾਰਵਾਈ ਨਹੀਂ ਹੋਈ। ਬਿਸਤ ਦੋਆਬ ਨਹਿਰ ਦੀ ਪਟੜੀ ਆਸੇ ਪਾਸੇ ਦੇ ਪਿੰਡਾਂ ਅਤੇ ਜੀ ਐਨ ਏ ਮੇਹਟੀਆਣੇ ਫੈਕਟਰੀ ਦੇ ਵਰਕਰਾਂ ਲਈ ਫੁਗਲਾਣਾ ਭੁੰਗਰਨੀ ਸੜਕ ਜਿਥੇ ਕਿਸੇ ਟਾਈਮ ਵਰਦਾਨ ਸਾਬਤ ਹੁੰਦੀ ਸੀ, ਅੱਜ ਇਸ ਸਮੁੱਚੇ ਇਲਾਕੇ ਲਈ ਸਰਾਪ ਬਣ ਚੁੱਕੀ ਹੈ। ਪਿੰਡ ਭੁੰਗਰਨੀ ਵਿਖੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਚਰਨ ਛੋਹ ਪ੍ਰਾਪਤ ਗੁਰਦੁਆਰਾ ਸਾਹਿਬ ਵੀ ਸੁਸ਼ੋਭਿਤ ਹੈ ਅਤੇ ਉੱਥੇ ਜਾਣ ਵਾਲੀਆਂ ਸੰਗਤਾਂ ਵੀ ਇਸ ਵਿੱਚੋਂ ਦੀ ਗੁਜ਼ਰ ਕੇ ਜਾਂਦੀਆਂ ਹਨ। ਇਸ ਸਮੇ ਗ੍ਰਾਮ ਪੰਚਾਇਤ ਫੁੱਗਲਾਣਾ ਵੱਲੋਂ ਸੜਕ ਦੇ ਆਸੇ ਪਾਸੇ ਬੰਨ੍ਹ ਮਾਰ ਕੇ ਗੰਦੇ ਨਾਲੇ ਦਾ ਪਾਣੀ ਸੜਕ ਵਿੱਚ ਪਾਉਣ ਕਾਰਨ ਸੜਕ ਛੱਪੜ ਦਾ ਰੂਪ ਧਾਰਨ ਕਰ ਚੁੱਕੀ ਹੈ ਅਤੇ ਰਾਹਗੀਰਾਂ ਦੇ ਰੋਜ਼ਾਨਾ ਇਸ ਛੱਪੜ 'ਚ ਡਿਗ ਕੇ ਸੱਟਾਂ ਚੋਟਾਂ ਅਤੇ ਮਾਲੀ ਨੁਕਸਾਨ ਹੁੰਦਾ ਹੈ । ਪਰ ਅਫਸੋਸ ਪ੍ਰਸ਼ਾਸਨ ਅਤੇ ਸਰਕਾਰ ਕੁੰਭਕਰਨੀ ਨੀਂਦ ਸੁੱਤੇ ਹੋਣ ਕਾਰਨ ਇਲਾਕੇ ਦੀਆ ਸਮਾਜਕ, ਧਾਰਮਕ ਅਤੇ ਰਾਜਨੀਤਕ ਜਥੇਬੰਦੀਆਂ ਵੱਲੋਂ ਡਿਪਟੀ ਕਮਿਸਨਰ ਹੁਸ਼ਿਆਰਪੁਰ ਰਾਹੀਂ ਮੁੱਖ ਮੰਤਰੀ ਪੰਜਾਬ ਅਤੇ ਪੀ ਡਬਲਿਊ ਡੀ ਮੰਤਰੀ ਪੰਜਾਬ ਨੂੰ ਮੰਗ ਪੱਤਰ ਸੌਂਪਿਆ ਜਾਵੇਗਾ । ਜੇਕਰ ਇੱਕ ਹਫਤੇ ਤੱਕ ਪ੍ਰਸ਼ਾਸਨ ਜਾਂ ਸਰਕਾਰ ਨੇ ਸਾਡੀ ਇਸ ਮੰਗ ਵੱਲ ਧਿਆਨ ਨਾ ਦਿੱਤਾ ਤਾਂ ਫਗਵਾੜਾ ਹੁਸ਼ਿਆਰਪੁਰ ਰੋਡ ਉਪਰ ਥਾਣਾ ਮੇਹਟੀਆਣਾ ਅੱਗੇ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

ਪੁਲਸ ਵੱਲੋਂ ਆਦਮਪੁਰ 'ਚ ਫਲੈਗ ਮਾਰਚ

ਆਦਮਪੁਰ, (ਪਰਮਜੀਤ ਸਿੰਘ)- ਜਲੰਧਰ ਜ਼ਿਮਨੀ ਚੋਣਾਂ ਦੇ ਮੱਦੇਨਜਰ ਐਸ ਪੀ ਮਨਜੀਤ ਕੌਰ ਅਤੇ ਡੀ ਐਸ ਪੀ ਹਰਜੀਤ ਸਿੰਘ ਹੈਡਕੁਆਟਰ ਜਲੰਧਰ ਦੀ ਅਗਵਾਈ ਹੇਠ ਪੈਰਾ-ਮਿਲਟਰੀ ਫੋਰਸ ਅਤੇ ਪੰਜਾਬ ਪੁਲਸ ਦੇ ਸਹਿਯੋਗ ਨਾਲ ਵਿਧਾਨ ਸਭਾ ਹਲਕਾ ਆਦਮਪੁਰ ਫਲੈਗ ਮਾਰਚ ਕੱਢਿਆ। ਇਸ ਮੌਕੇ ਜਾਣਕਾਰੀ ਦਿੰਦੇ ਐਸ ਪੀ ਮਨਜੀਤ ਕੌਰ ਨੇ ਦੱਸਿਆ ਕਿ ਫਲੈਗ ਮਾਰਚ ਕਰਨ ਦਾ ਮੁੱਖ ਮਕਸਦ 10 ਮਈ ਨੂੰ ਹੋਣ ਵਾਲੀਆਂ ਜਲੰਧਰ ਜ਼ਿਮਨੀ ਚੋਣਾਂ ਦੇ ਮੱਦੇਨਜਰ ਲਾਅ ਐਂਡ ਆਰਡਰ ਨੂੰ ਬਹਾਲ ਰੱਖਦੇ ਹੋਏ ਕਿ ਕਿਸੇ ਵੀ ਗੁੰਡਾ ਕਿਸਮ ਤੇ ਸ਼ਰਾਰਤੀ ਅਨਸਰਾਂ ਨੂੰ ਮਾੜੀ ਸ਼ਰਾਰਤ ਕਰਨ ਦਾ ਮੌਕਾ ਨਾ ਦਿੱਤਾ ਜਾਵੇ ਅਤੇ ਸ਼ਰਾਰਤੀ ਅਨਸਰਾਂ ਦੇ ਦਿਲਾਂ 'ਚ ਪੁਲਸ ਦਾ ਡਰ ਪੈਦਾ ਕੀਤਾ ਜਾਵੇ। ਉਨ੍ਹਾਂ ਕਿਹਾ ਫਲੈਗ ਮਾਰਚ ਕੱਢਣ ਦਾ ਅਸਲ ਮਕਸਦ ਇਲਾਕੇ ਦੇ ਲੋਕਾਂ ਨੂੰ ਜਾਗਰੂਕ ਕਰਨਾ ਹੈ ਤਾਂ ਜੋ ਆਦਮਪੁਰ ਦੇ ਸਮੂਹ ਇਲਾਕਿਆਂ 'ਚ ਅਮਨ ਸ਼ਾਂਤੀ ਬਣਾਏ ਰੱਖਣਾ ਉਨ੍ਹਾਂ ਦਾ ਮੁਢਲਾ ਫ਼ਰਜ਼ ਹੈ। ਇਸ ਮੌਕੇ ਥਾਣਾ ਮੁਖੀ ਯਾਦਵਿੰਦਰ ਸਿੰਘ, ਸਬ ਇੰਸਪੈਕਟਰ ਭੁਪਿੰਦਰਪਾਲ ਸਿੰਘ, ਏ ਐੱਸ ਆਈ ਜੰਗ ਬਹਾਦਰ ਸਿੰਘ, ਏ ਐੱਸ ਆਈ ਕਰਨੈਲ ਸਿੰਘ, ਏ ਐੱਸ ਆਈ ਪਰਮਜੀਤ ਸਿੰਘ, ਹਰਜਿੰਦਰ ਸਿੰਘ, ਮਨਪ੍ਰੀਤ ਸਿੰਘ ਮੰਨਾ, ਜਸਬੀਰ ਸਿੰਘ, ਏ ਐਸ ਆਈ ਬਹਾਦਰ ਸਿੰਘ, ਏ ਐਸ ਆਈ ਮਨੋਹਰ ਲਾਲ, ਅਵਤਾਰ ਸਿੰਘ, ਜਸਪ੍ਰੀਤ ਸਿੰਘ ਸਮੇਤ ਪੁਲਸ ਅਧਿਕਾਰੀ ਹਾਜ਼ਰ ਹੋਏ।

ਜਲੰਧਰ ਜ਼ਿਮਨੀ ਚੋਣ ਨੂੰ ਦੇਖਦੇ ਫਿਲੌਰ ਪੁਲਸ ਵੱਲੋਂ ਫਲੈਗ ਮਾਰਚ

ਫਿਲੌਰ (ਨਿਰਮਲ)- ਜਲੰਧਰ ਲੋਕ ਸਭਾ ਦੀ ਜ਼ਿਮਨੀ ਚੋਣ ਨੂੰ ਦੇਖਦੇ ਹੋਏ ਫਿਲੌਰ ਪੁਲਸ ਵੱਲੋਂ ਡੀ.ਐਸ.ਪੀ ਫਿਲੌਰ ਜਗਦੀਸ਼ ਰਾਜ, ਥਾਣਾ ਮੁੱਖੀ ਫਿਲੌਰ ਇੰਸਪੈਕਟਰ ਹਰਜਿੰਦਰ ਸਿੰਘ ਅਗਵਾਈ ਹੇਠ ਥਾਣਾ ਫਿਲੌਰ, ਗੁਰਾਇਆ, ਬਿਲਗਾ ਪੁਲਸ ਕਰਮਚਾਰੀਆਂ ਵੱਲੋਂ ਫਿਲੌਰ ਤਲਵਾਨ ਰੋਡ ਨੂਰਮਹਿਲ 'ਤੇ ਸ਼ਹਿਰ ਫਿਲੌਰ ਵਿਖੇ ਭਾਰੀ ਪੁਲਸ ਫੋਰਸ ਅਤੇ ਪੈਰਾ ਮਿਲਟਰੀ ਫੋਰਸ ਨੂੰ ਨਾਲ ਲੈ ਕੇ ਫਲੈਗ ਮਾਰਚ ਕੀਤਾ ਗਿਆ। ਇਸ ਮੌਕੇ ਜਗਦੀਸ਼ ਰਾਜ ਡੀ ਐਸ ਪੀ ਫਿਲੌਰ ਨੇ ਦੱਸਿਆ ਕਿ ਫਿਲੌਰ ਸਬ ਡਵੀਜਨ ਵਿੱਚ ਅਮਨ ਕਾਨੂੰਨ ਦੀ ਹਾਲਤ ਬਿਲਕੁੱਲ ਠੀਕ ਹੈ। ਪੁਲਸ ਚੌਕਸੀ ਵਰਤ ਰਹੀ ਹੈ ਤੇ ਥਾਂ- ਥਾਂ ਚੈਕਿੰਗ ਕੀਤੀ ਜਾ ਰਹੀ ਹੈ ਰਾਤ ਵੇਲੇ ਵੀ ਚੈਕਿੰਗ ਅਤੇ ਗਸ਼ਤ ਤੇਜ਼ ਕੀਤੀ ਜਾ ਰਹੀ ਹੈ। ਉਨ੍ਹਾਂ ਇਲਾਕਾ ਨਿਵਾਸੀਆ ਨੂੰ ਕਿਹਾ ਕਿ ਉਹ ਅਫਵਾਹਾ 'ਤੇ ਯਕੀਨ ਨਾ ਕਰਨ ਜੇ ਕਰ ਕੋਈ ਜਾਣਕਾਰੀ ਲੈਣੀ ਹੋਵੇ ਤਾਂ ਪੁਲਸ ਨਾਲ ਸੰਪਰਕ ਕਰਨ।

ਐਸ ਡੀ ਕਾਲਜ ਦੀਆਂ ਲੜਕੀਆਂ ਦਾ ਯੂਨੀਵਰਸਿਟੀ ਪ੍ਰੀਖਿਆ 'ਚ ਸ਼ਾਨਦਾਰ ਪ੍ਰਦਰਸ਼ਨ

ਜਲੰਧਰ (ਇਕਬਾਲ ਸਿੰਘ ਉਭੀ)-ਪੀ ਸੀ ਐਮ ਐਸ ਡੀ ਕਾਲਜ ਫਾਰ ਵੂਮੈਨ, ਜਲੰਧਰ ਦੇ ਬੀ ਵਾਕ ਵੈੱਬ ਡਿਜ਼ਾਈਨਿੰਗ ਐਂਡ ਡਿਵੈਲਪਮੈਂਟ ਸਮੈਸਟਰ ਤੀਜੇ ਦੇ ਵਿਦਿਆਰਥੀਆਂ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਨਤੀਜਾ ਸ਼ਾਨਦਾਰ ਰਿਹਾ। ਅੰਕਿਤਾ ਨੇ 81.25% ਅੰਕ ਲੈ ਕੇ ਯੂਨੀਵਰਸਿਟੀ 'ਚ ਪਹਿਲਾ ਅਤੇ ਅੰਕਿਤਾ ਨੇ 80.25% ਅੰਕ ਲੈ ਕੇ ਯੂਨੀਵਰਸਿਟੀ 'ਚ ਦੂਜਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ , ਪ੍ਰਬੰਧਕੀ ਕਮੇਟੀ ਦੇ ਮੈਂਬਰ ਅਤੇ ਪ੍ਰਿੰਸੀਪਲ ਪ੍ਰੋ. (ਡਾ.) ਪੂਜਾ ਪਰਾਸ਼ਰ ਨੇ ਸ਼ਾਨਦਾਰ ਨਤੀਜੇ ਪ੍ਰਾਪਤ ਕਰਨ ਲਈ ਵਿਦਿਆਰਥੀਆਂ ਦੀ ਸਫਲਤਾ ਦੀ ਸ਼ਲਾਘਾ ਕੀਤੀ ਅਤੇ ਫੈਕਲਟੀ ਨੂੰ ਉਨ੍ਹਾਂ ਦੇ ਸਮਰਪਤ ਯਤਨਾਂ ਲਈ ਵਧਾਈ ਦਿੱਤੀ।

ਵੁਡਬਰੀ ਸਕੂਲ 'ਚ ਵਿਸ਼ਵ ਧਰਤੀ ਦਿਵਸ ਮਨਾਇਆ

ਭੋਗਪੁਰ (ਕੁਲਵੀਰ ਸਿੰਘ ਕਾਹਲੋਂ)-ਵੁਡਬਰੀ ਸਕੂਲ ਵਿਖੇ ਸਿਰਜਣਾਤਮਕ ਦਿਵਸ ਮਨਾਉਂਦੇ ਹੋਏ ਸਕੂਲ ਦੇ ਬੱਚਿਆਂ ਵੱਲੋਂ ਰਹਿੰਦ ਸਮੱਗਰੀ ਤੋਂ ਸਿਰਜਣਾਤਮਕ ਬੇਹੱਦ ਖੂਬਸੂਰਤ ਪ੍ਰੋਜੈਕਟ ਬਣਾਏ ਗਏ ਜਿਸ ਵਿੱਚ ਛੇਵੀਂ ਤੋਂ ਨੌਵੀਂ ਜਮਾਤ ਦੇ ਬੱਚਿਆਂ ਨੇ ਭਾਗ ਲਿਆ। ਜਸਕਿਰਨ ਕੌਰ ਪਹਿਲੇ , ਮੰਨਤ ਦੂਸਰੇ ਅਤੇ ਅਵਨੂਰ ਜੋਸਨ ਤੀਸਰੇ ਨੰਬਰ 'ਤੇ ਰਹੀ। ਸਕੂਲ ਪ੍ਰਿੰਸੀਪਲ ਡਾ. ਸੁਮਨ ਡਡਵਾਲ ਨੇ ਦੱਸਿਆ ਕਿ ਇਸ ਧਰਤੀ ਦਾ ਸਾਡੇ 'ਤੇ ਬਹੁਤ ਪਰੋਪਕਾਰ ਹੈ, ਜਿਸ ਤਰ੍ਹਾਂ ਅਸੀਂ ਆਪਣੇ ਘਰ ਦੀ ਦੇਖਭਾਲ ਕਰਦੇ ਹਾਂ ਇਸੇ ਤਰ੍ਹਾ ਪੌਦਿਆਂ ਦੀ ਸੰਭਾਲ ਕਰਨੀ ਚਾਹੀਦੀ ਹੈ। ਇਹ ਸਾਡੀ ਧਰਤੀ ਦੇ ਜ਼ਰੂਰੀ ਸੋਮੇ ਹਨ ਜਿਨ੍ਹਾਂ ਨੂੰ ਵੱਧ ਤੋਂ ਵੱਧ ਸੰਭਾਲਣਾ ਚਾਹੀਦਾ ਹੈ । ਇਸ ਮੌਕੇ ਸਕੂਲ ਦੇ ਬੱਚਿਆਂ ਵੱਲੋਂ ਲਗਭਗ 50 ਤੋਂ ਵੱਧ ਪੌਦੇ ਲਗਾਏ ਗਏ। ਸਕੂਲ ਚੇਅਰਮੈਨ ਇੰਜੀ. ਸੁਖਵਿੰਦਰ ਸਿੰਘ ਅਤੇ ਵਾਈਸ ਚੇਅਰਪਰਸਨ ਪਰਮਜੀਤ ਕੌਰ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ

ਸਰ ਮਾਰਸ਼ਲ ਸਕੂਲ ਵਿਖੇ ਹੋਇਆ ਅਨੁਸ਼ਾਸਨ ਸਮਾਰੋਹ

ਟਾਂਡਾ ਉੜਮੁੜ (ਜਸਵਿੰਦਰ ਸੰਧੂ ,ਉਂਕਾਰ ਸਿੰਘ)- ਵਿਦਿਆਰਥੀਆਂ ਨੂੰ ਅਨੁਸ਼ਾਸਨ ਵਿਚ ਰਹਿ ਕੇ ਪੜ੍ਹਾਈ ਕਰਨ ਸੰਬੰਧੀ ਅੱਜ ਸਰ ਮਾਰਸ਼ਲ ਸਕੂਲ ਬੈਂਸ ਅਵਾਨ ਵਿਖੇ ਪ੍ਰਿੰ. ਕਮਲਪ੍ਰੀਤ ਸਿੰਘ ਦੀ ਅਗਵਾਈ 'ਚ ਇੱਕ ਸਮਾਰੋਹ ਦਾ ਕੀਤਾ ਗਿਆ ਜਿਸ ਵਿਚ ਸਕੂਲ ਦੀਆਂ ਸਾਰੀਆਂ ਕਲਾਸਾਂ ਦੇ ਵਿਦਿਆਰਥੀਆਂ ਤੋਂ ਇਲਾਵਾ ਮੁੱਖ ਮਹਿਮਾਨ ਵਜੋਂ ਸਰ ਮਾਰਸ਼ਲ ਐਜੂਕੇਸ਼ਨਲ ਸੋਸਾਇਟੀ ਦੇ ਚੇਅਰਮੈਨ ਰਾਜਿੰਦਰ ਸਿੰਘ ਮਾਰਸ਼ਲ ਸ਼ਾਮਲ ਹੋਏ। ਸਮਾਰੋਹ ਚ ਸ਼ਾਮਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਰਾਜਿੰਦਰ ਸਿੰਘ ਮਾਰਸ਼ਲ ਨੇ ਕਿਹਾ ਕਿ ਹਰ ਵਿਦਿਆਰਥੀ ਨੂੰ ਆਪਣੀ ਪੜ੍ਹਾਈ ਦੇ ਨਾਲ-ਨਾਲ ਕਲਾਸ ਵਿੱਚ ਸਹੀ ਤਰੀਕੇ ਨਾਲ ਬੈਠਣ ਅਤੇ ਸਕੂਲ ਦੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਇਸ ਨਾਲ ਜਿੱਥੇ ਹਰ ਵਿਦਿਆਰਥੀ ਆਪਣੀ ਪੜ੍ਹਾਈ ਪੂਰੀ ਲਗਨ ਨਾਲ ਕਰ ਸਕਦਾ ਹੈ ਉੱਥੇ ਅਨੁਸ਼ਾਸਨ 'ਚ ਰਹਿਣ ਦੀ ਸਿੱਖਿਆ ਵੀ ਮਿਲਦੀ ਹੈ। ਪ੍ਰਿੰਸੀਪਲ ਕਮਲਪ੍ਰੀਤ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਸਾਡੇ ਸਕੂਲ ਦੇ ਅਧਿਆਪਕ ਪੂਰੀ ਲਗਨ ਅਤੇ ਮਿਹਨਤ ਨਾਲ ਪੜ੍ਹਾਈ ਕਰਾਉਂਦੇ ਹੋਏ ਵਿਦਿਆਰਥੀਆਂ ਨੂੰ ਕਲਾਸ 'ਚ ਅਨੁਸ਼ਾਸਨ 'ਚ ਰਹਿਣ ਲਈ ਵੀ ਪ੍ਰੇਰਿਤ ਕਰਦੇ ਹਨ ਤਾਂ ਜੋ ਵਿਦਿਆਰਥੀ ਉੱਚ ਸਿੱਖਿਆ ਹਾਸਲ ਕਰਕੇ ਆਪਣੀ ਮੰਜ਼ਲ ਨੂੰ ਹਾਸਲ ਕਰ ਸਕਣ। ਇਸ ਮੌਕੇ ਕੁਲਵੰਤ ਸਿੰਘ ਮਾਰਸ਼ਲ, ਮੈਡਮ ਕੁਨਿਕਾ, ਗਗਨ ਪ੍ਰੀਤ, ਸੰਦੀਪ, ਗੁਲਸ਼ਨ, ਹਰਪ੍ਰੀਤ, ਪ੍ਰਿੰਸੀ, ਪ੍ਰਿਯੰਕਾ, ਅਮਨ, ਭਾਵਨਾ, ਜਸਵਿੰਦਰ, ਪ੍ਰਭਜੋਤ, ਮਨਦੀਪ, ਟੀਨਾ, ਸੁਖਲਿੰਦਰਪਾਲ ਸਿੰਘ, ਬਲਦੇਵ ਅਤੇ ਹੋਰ ਹਾਜ਼ਰ ਸਨ।

ਸੰਤ ਬਾਬਾ ਨੇਕੀ ਵਾਲਿਆਂ ਦੀ ਯਾਦ ਨੂੰ ਸਮਰਪਤ ਛਿੰਝ ਮੇਲਾ

ਫਗਵਾੜਾ (ਇੰਦਰਜੀਤ ਸਿੰਘ ਮਠਾੜੂ, ਰਘਵੀਰ ਸਿੰਘ)-108 ਸੰਤ ਬਾਬਾ ਹਰੀ ਸਿੰਘ ਨੇਕੀ ਵਾਲਿਆਂ ਦੀ ਯਾਦ ਨੂੰ ਸਮਰਪਤ ਸਾਲਾਨਾ ਛਿੰਝ ਮੇਲਾ ਪਿੰਡ ਗੋਸਲ ਵਿਖੇ ਗੱਦੀਨਸ਼ੀਨ ਸੰਤ ਬਾਬਾ ਗੁਰਮੇਲ ਸਿੰਘ (ਕੁਟੀਆ ਵਾਲੇ) ਦੀ ਰਹਿਨੁਮਾਈ 'ਚ ਪ੍ਰਵਾਸੀ ਭਾਰਤੀ ਜਸ ਗੋਸਲ ਅਤੇ ਬਾਬਾ ਗੋਸਲ ਦੇ ਸਹਿਯੋਗ ਨਾਲ ਕਰਵਾਇਆ ਗਿਆ। ਹਰਮੇਸ਼ ਪਹਿਲਵਾਨ ਵਿਰਕ ਅਤੇ ਅਵਤਾਰ ਸਿੰਘ ਸਰਪੰਚ ਦੀ ਦੇਖ ਰੇਖ ਹੇਠ ਕੁਸ਼ਤੀ ਮੁਕਾਬਲਿਆਂ ਦੌਰਾਨ ਦੂਰ ਦਰਾਜ ਤੋਂ ਆਏ 130 ਪਹਿਲਵਾਨਾਂ ਨੇ ਜ਼ੋਰ ਅਜ਼ਮਾਇਸ਼ ਕੀਤੀ। ਝੰਡੀ ਦੀ ਕੁਸ਼ਤੀ ਪਹਿਲਵਾਨ ਜਰਮਨਜੀਤ ਸਿੰਘ ਅਤੇ ਬੱਬੂ ਬੱਬੇਹਾਲੀ ਵਿਚਕਾਰ ਹੋਈ। ਪਹਿਲਵਾਨ ਜਰਮਨਜੀਤ ਸਿੰਘ ਨੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਝੰਡੀ ਦੀ ਦੂਸਰੀ ਕੁਸ਼ਤੀ ਜਗਰੂਪ ਸ਼ੰਕਰ ਅਤੇ ਬਿੱਲੂ ਹੁਸ਼ਿਆਰਪੁਰ ਦਰਮਿਆਨ ਹੋਈ ਜਿਸ ਵਿਚ ਪਹਿਲਵਾਨ ਜਗਰੂਪ ਨੂੰ ਜੇਤੂ ਕਰਾਰ ਦਿੱਤਾ ਗਿਆ। ਜੇਤੂ ਪਹਿਲਵਾਨਾਂ ਨੂੰ ਜਸ ਗੋਸਲ ਕਨੇਡਾ ਤੇ ਬਾਬਾ ਗੋਸਲ ਵੱਲੋਂ ਸਵ. ਮਾਸਟਰ ਬੱਬਰ ਦਲੀਪ ਸਿੰਘ ਗੋਸਲ, ਸਵ. ਮਾਸਟਰ ਗੁਰਬਖਸ਼ ਸਿੰਘ ਗੋਸਲ ਅਤੇ ਸਵ. ਪ੍ਰੇਮ ਸਿੰਘ ਗੋਸਲ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਪਹਿਲਵਾਨਾਂ ਨੂੰ ਅਸ਼ੀਰਵਾਦ ਦੇਣ ਲਈ ਸੰਤ ਬਾਬਾ ਅਮਰੀਕ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਪ੍ਰਮੁੱਖ ਸ਼ਖਸੀਅਤਾਂ ਨੇ ਜੇਤੂ ਪਹਿਲਵਾਨਾ ਨੂੰ ਇਨਾਮਾਂ ਦੀ ਵੰਡ ਕਰਦਿਆਂ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਲਛਮਣ ਸਿੰਘ ਗੋਸਲ, ਸੁਰਜੀਤ ਸਿੰਘ, ਦਰਸ਼ਨ ਸਿੰਘ, ਹਰਬੰਸ ਸਿੰਘ, ਸਾਧੂ ਸਿੰਘ ਪੰਚ, ਰਮਨ ਪੰਚ, ਚਰਨਜੀਤ ਪੱਪੀ, ਬਲਵੀਰ ਸਿੰਘ, ਡਾ. ਮਲਕੀਅਤ ਰਾਮ, ਚਰਨਜੀਤ ਸਿੰਘ, ਰਾਮ ਲਾਲ, ਸੰਦੀਪ ਪੰਚ, ਤੇਲੂ ਰਾਮ, ਮੋਹਨ ਢੰਡਾ ਤੋਂ ਇਲਾਵਾ ਵੱਡੀ ਗਿਣਤੀ 'ਚ ਕੁਸ਼ਤੀ ਪ੍ਰੇਮੀ ਹਾਜ਼ਰ ਸਨ।

ਇੰਡਸਟਰੀਜ਼, ਇੰਜੀਨੀਅਰਿੰਗ ਤੇ ਗਦਾਈਪੁਰ ਇੰਡਸਟਰੀਅਲ ਐਸੋਸੀਏਸ਼ਨ ਵੱਲੋਂ 'ਆਪ' ਨੂੰ ਸਮਰਥਨ

ਜਲੰਧਰ, (ਸੁਰਿੰਦਰ, ਸ਼ੈਲੀ ਐਲਬਰਟ)

ਆਮ ਆਦਮੀ ਪਾਰਟੀ (ਆਪ) ਨੂੰ ਜਲੰਧਰ 'ਚ ਆਮ ਲੋਕਾਂ ਦੇ ਨਾਲ-ਨਾਲ ਵਪਾਰੀਆਂ ਦਾ ਵੀ ਲਗਾਤਾਰ ਸਮਰਥਨ ਮਿਲ ਰਿਹਾ ਹੈ। ਡੀਲਾਈਟ ਇੰਡਸਟਰੀਜ਼, ਇੰਜੀਨੀਅਰਿੰਗ ਇੰਡਸਟਰੀਅਲ ਐਸੋਸੀਏਸ਼ਨ ਅਤੇ ਗਦਾਈਪੁਰ ਇੰਡਸਟਰੀਅਲ ਐਸੋਸੀਏਸ਼ਨ ਨੇ 'ਆਪ' ਨੂੰ ਆਪਣਾ ਸਮਰਥਨ ਦੇ ਦਿੱਤਾ ਅਤੇ 'ਆਪ' ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਵੱਡੇ ਫਰਕ ਨਾਲ ਜਿਤਾਉਣ ਦਾ ਭਰੋਸਾ ਦਿੱਤਾ। 'ਆਪ' ਉਮੀਦਵਾਰ ਸੁਸ਼ੀਲ ਰਿੰਕੂ, ਅੰਮ੍ਰਿਤਪਾਲ ਸਿੰਘ ਜ਼ਿਲ੍ਹਾ ਪ੍ਰਧਾਨ ਅਤੇ ਯੋਜਨਾ ਬੋਰਡ ਦੇ ਚੇਅਰਮੈਨ, ਦਿਨੇਸ਼ ਢੱਲ ਹਲਕਾ ਇੰਚਾਰਜ ਉੱਤਰੀ, ਅਮਿਤ ਢੱਲ ਅਤੇ ਸ਼ਿਵਨਾਥ ਸਿੰਘ ਸ਼ਿਬੂ ਨੇ ਡੀਲਾਈਟ ਇੰਡਸਟਰੀਜ਼ ਵੱਲੋਂ ਇੰਜੀਨੀਅਰਿੰਗ ਇੰਡਸਟਰੀਅਲ ਐਸੋਸੀਏਸ਼ਨ ਆਫ ਇੰਡੀਆ ਦੀ ਮੌਜੂਦਗੀ 'ਚ ਕਰਵਾਏ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ। ਇਸ ਮੀਟਿੰਗ 'ਚ ਚੇਅਰਮੈਨ ਸੁਨੀਲ ਸ਼ਰਮਾ, ਪ੍ਰਧਾਨ ਗੁਰਚਰਨ ਸਿੰਘ ਅਤੇ ਗਦਾਈਪੁਰ ਇੰਡਸਟਰੀਅਲ ਐਸੋਸੀਏਸ਼ਨ ਦੇ ਚੇਅਰਮੈਨ ਜੇ ਬੀ ਐਸ ਚੌਧਰੀ, ਪ੍ਰਧਾਨ ਮੁਨੀਸ਼ ਗੁਪਤਾ ਅਤੇ ਐਸੋਸੀਏਸ਼ਨ ਦੇ ਹੋਰ ਮੈਂਬਰ ਹਾਜ਼ਰ ਸਨ। ਇਸ ਮੌਕੇ 400 ਲੋਕ ਵੀ ਆਮ ਆਦਮੀ

ਪਾਰਟੀ 'ਚ ਸ਼ਾਮਲ ਹੋਏ ਅਤੇ ਰਿੰਕੂ ਨੂੰ ਜਿਤਾਉਣ ਲਈ ਸਮਰਥਨ ਦੇਣ ਦਾ ਵਾਅਦਾ ਕੀਤਾ। ਇਸ ਮੌਕੇ ਰਾਜੀਵ ਜੈਰਥ

23-April-Sunday.qxd 4/22/2023 9:02 PM Page 3

ਬਲਵਿੰਦਰ ਸੰਧੂ ਦੀ ਕਵਿਤਾ ਸਾਡੇ ਸਮਿਆਂ ਦੀ ਹਾਣੀ ਹੋ ਕੇ ਸਾਡੇ ਸਨਮੁੱਖ ਹੁੰਦੀ ਹੈ। ਵਿਚਾਰਧਾਰਕ ਪ੍ਰਤੀਬੱਧਤਾ ਨੂੰ ਉਹ ਭਾਵੇਂ ਕੱਟੜਤਾ ਦੀ ਹੱਦ ਤੱਕ ਨਹੀਂ ਵਰਤਦਾ, ਪਰ ਉਸ ਦੀ ਪ੍ਰਤੀਬੱਧਤਾ ਦੀ ਝਲਕ ਇਸ ਪੱਖੋਂ ਵਿਲੱਖਣ ਅਤੇ ਮਹੱਤਵਪੂਰਨ ਹੈ ਕਿ ਸਮਾਜਿਕ ਸੰਤਾਪ ਨੂੰ ਆਪਣੇ ਮਨ ਦਾ ਸੰਤਾਪ ਬਣਾਉਂਦਾ ਹੋਇਆ ਕੁਦਰਤ ਨਾਲ ਸੰਵਾਦ ਰਚਾਉਂਦਾ ਹੋਇਆ ਆਪਣੀ ਕਾਵਿ ਸਿਰਜਣਾ ਵਿਚਲੀ ਪ੍ਰਤੀਬੱਧਤਾ ਪ੍ਰਤੀ ਵਫਾਦਾਰੀ ਨਿਭਾਉਂਦਾ ਹੈ। ਕੁਦਰਤ ਪ੍ਰਤੀ ਉਸ ਦਾ ਇਹ ਨਜ਼ਰੀਆ ਤਰਕ 'ਤੇ ਅਧਾਰਤ ਰਹਿੰਦਾ ਹੈ। ਸਮਕਾਲੀ ਯਥਾਰਥ ਨੂੰ ਫੜਨ ਅਤੇ ਪੇਸ਼ ਕਰਨ ਦੀ ਜੁਗਤ ਉਸ ਕੋਲ ਹੈ। **-ਸੰਪਾਦਕ**

ਬਲਵਿੰਦਰ ਸੰਧੂ ਦੀਆਂ ਨਵੀਂਆਂ ਨਜ਼ਮਾਂ

ਮੈਨੀਫੈਸਟੋ

ਕਿਸੇ
ਚਿੱਤਰ 'ਚ ਚਿਤਰਿਆ
ਜਾਂ ਫਰੇਮ 'ਚ ਜੜਿਆ
ਰੁੱਖ ਹੋਣਾ,
ਮੈਂ ਨਹੀਂ ਲੋਚਦਾ...
ਜੋ ਹਵਾਵਾਂ ਸੰਗ
ਝੂੰਮਦਾ ਨਹੀਂ...
ਧੁੱਪਾਂ-ਗੜੇ-'ਨੇਰੀਆਂ
ਸਿਰ ਨਹੀਂ ਝੱਲਦਾ...
ਟੁੱਟਦਾ ਨਾ ਡਿੱਗਦਾ
ਫੁੱਲਦਾ ਨਾ ਫ਼ਲਦਾ...
ਨਾ ਸਮੇਂ ਨਾਲ
ਸਿਰ ਨਾ ਕੱਢਦਾ
ਐਹਾ ਰੁੱਖ ਹੋਣਾ
ਮੈਂ ਨਾਹੀਂ ਲੋਚਦਾ ...

ਮੈਂ ਤਾਂ-
ਸੱਚੀਂ-ਮੁੱਚੀਂ ਦਾ
ਕੋਈ ਜੀਵੰਤ ਜਿਹਾ
ਰੁੱਖ ਹੋਣਾ ਲੋਚਦਾਂ...
ਜੋ ਮਿੱਟੀ 'ਚ ਉੱਗਦਾ
ਭੋਇੰ 'ਚ ਵੱਸਦਾ...
ਜਿਉਂਦਾ-ਜਾਗਦਾ
ਅੰਕੁਰਦਾ-ਪੁੰਗਰਦਾ
ਵਧਦਾ-ਫੁੱਲਦਾ-ਫ਼ਲ਼ਦਾ...
ਮੀਂਹ ਪੀਂਦਾ,
ਧੁੱਪਾਂ ਸਹਿੰਦਾ...
ਖ਼ਿਜ਼ਾਵਾਂ 'ਚ ਪੱਤ ਕੇਰਦਾ
ਫ਼ਿਜ਼ਾਵਾਂ 'ਚ ਫਿਰ ਮਹਿਕਦਾ...
ਰੁੱਤਾਂ ਸੰਗ ਹੱਸਦਾ
ਮੌਸਮਾਂ ਨਾਲ ਖੇਡਦਾ ...
ਲੁਕਾਈ ਲਈ ਛਾਂ ਬਣਦਾ
ਪੰਖੇਰੂਆਂ ਨੂੰ ਪਨਾਹ ਦਿੰਦਾ...
ਅਨੰਤ ਲੋੜਾਂ ਪੂਰਦਾ
ਅੰਤ ਸਮੇਂ ਵੀ
ਬੰਦੇ ਦੇ ਨਾਲ ਹੁੰਦਾ...!!

ਪਲੈਟੋ ਆਖਦਾ ....

ਕਵੀ ਸਿਰੇ ਦੇ ਨਕਲਚੀ ਹੁੰਦੇ
ਜੋ ਫੁੱਲਾਂ ਨੂੰ ਕਸ਼ੀਦ
ਖੁਸ਼ਬੋਆਂ ਦਾ ਅਨੁਕਰਣ ਕਰਦੇ..
ਖਿੱਤੀਆਂ ਦੇਖ ਦੇਖ
ਖਤਾਂ ਦੀ ਇਬਾਰਤ ਘੜਦੇ ...
ਅਮਾਵਸ ਰਾਤੇ
ਜੁਗਨੂੰਆਂ ਤੋਂ ਜਗਣਾ ਸਿੱਖਦੇ..
ਦਿਸ਼ਾ ਦਿਸ਼ਾਵਾਂ ਗਾਹੁੰਦੇ
ਲਿਖਤਾਂ 'ਚ ਲੈਅ ਲੈ ਆਉਂਦੇ...
ਦੁਮੇਲਾਂ ਦੇ ਆਸਰੇ
ਕਾਫੀਏ ਰਦੀਫ ਬੰਨ੍ਹ ਲੈਂਦੇ...
ਹਵਾਵਾਂ 'ਤੇ ਸਵਾਰ ਹੋ
ਕਲਪਨਾ ਤੋਂ ਪਾਰ ਹੋ ਜਾਂਦੇ..
ਉਹ ਆਖਦਾ ....
ਕਿ ਕਵੀ ਸੱਚ ਤੋਂ ਦੂਰ
ਝੂਠ ਦੇ ਦੂਤ ਹੁੰਦੇ...
ਜੋ ਰਾਹੀਆਂ ਦੀ ਬਜਾਏ
ਰਾਹਾਂ ਨੂੰ ਤੁਰਦਾ ਆਖਦੇ..
ਪਰਬਤਾਂ ਨੂੰ
ਸਮੁੰਦਰਾਂ 'ਚੋਂ ਉੱਗਿਆ ਦੱਸਦੇ...
ਬਿਰਖਾਂ ਦੇ ਹੇਠ
ਧੁੱਪਾਂ ਨੂੰ ਬਿਠਾਉਣਾ ਲੋਚਦੇ....

ਬਰਫ ਦੇ ਖੱਤਿਆਂ 'ਚ
ਅੱਗ ਦੇ ਬੀਅ ਬੀਜ ਆਉਂਦੇ....
ਕੀੜੀਆਂ ਦੇ ਕੰਧਾੜੇ
ਪਹਾੜ ਚੜ੍ਹਾ ਦੇਂਦੇ....
ਗੁੰਮ ਗਈ ਸਰਸਵਤੀ
ਆਪਣੇ ਅੰਦਰੋਂ ਵਹਾ ਲੈਂਦੇ...
ਉਹ ਇਹ ਵੀ ਆਖਦਾ...
ਕਵੀ ਕੁਝ ਹੋਰ ਨਹੀਂ
ਚੋਰਾਂ ਦੇ ਚੋਰ ਹੁੰਦੇ ...
ਜੋ ਅੰਬਰ 'ਚੋਂ ਤਾਰੇ ਤੋੜ
ਕਵਿਤਾਵਾਂ 'ਚ ਜੋੜ ਲੈਂਦੇ..
ਰਾਤ ਦੀ ਰੱਤ ਨਿਚੋੜ

ਕਲਮਾਂ 'ਚ ਸਿਆਹੀ ਭਰਦੇ..
ਸਗਲੀ ਕਾਇਨਾਤ ਨੂੰ
ਅੱਖਰਾਂ ਹੇਠ ਲੁਕਾ ਰੱਖਦੇ..
ਖਲਾਅ 'ਚ ਛਿਪ ਬਹਿੰਦੇ
ਤੇ ਖੁਦਾ ਨੂੰ ਸੰਨ੍ਹ ਲਾਉਂਦੇ....
ਆਪਣੀ ਪੀੜਾ
'ਬਲੈਕ ਹੋਲ' 'ਚ ਸੁੱਟ ਆਉਂਦੇ...
ਤੇ ਧਰਤ ਦੇ ਦਰਦ ਦੀ ਫਰਦ
ਆਪਣੇ ਨਾਂਅ ਕਰਵਾ ਲੈਂਦੇ ..
ਪਲੈਟੋ ਠੀਕ ਹੀ ਆਖਦਾ....

ਨਾ...ਨਾ...ਨਾ...ਨਾ..

ਬੇਸ਼ੱਕ .....
ਪਹਿਨੋ ਪਹਿਰਨ ਗੁਰੂ ਕੇ
ਕਾਕਾਰ ਧਾਰੋ
ਜਮ ਜਮ ਦਸਤਾਰਾਂ ਸਜਾਓ....
ਉਸਾਰੋ, ਮੰਦਰ ਨਿਰੰਤਰ
ਗਾਂ ਨੂੰ ਮਾਂ ਜਾਣ
ਗੰਗਾ, ਜਮਨਾ, ਸੰਗਮ ਨਹਾਓ...
ਰੱਖੋ ਰੋਜ਼ੇ, ਪਿੱਟੋ ਤਾਜ਼ੀਏ
ਪੜ੍ਹੋ ਕਤੇਬਾਂ
ਹੱਜ ਕਮਾਓ, ਮਦੀਨੇ ਜਾਓ....
ਬਾਈਬਲ 'ਚ ਬਹਿਬਲ ਰਹੋ
ਅੰਜੀਲ ਰਟੋ
ਮਸੀਹੀਅਤ, ਇਸਾਈਅਤ ਦਾ ਪਾਠ ਪੜ੍ਹਾਓ....
ਨੰਗੇ ਪੈਰ ਤੁਰੋ, ਪੁਣ-ਪੁਣ ਸਾਹ ਲਵੋ
ਅੰਗ ਧਿਆਓ,
ਕਾਇਆ 'ਤੇ ਕਾਬੂ ਪਾ, ਮਨ 'ਤੇ ਜਿੱਤ ਪਾਓ....

ਬੈਠੋ, ਬੋਧ ਬਿਰਖਾਂ ਨਿਆਈਂ
ਮੌਨ ਰੱਖੋ
ਗਯਾ ਜਾਓ, ਕਲਿ ਚੱਕਰ ਘੁਮਾਓ.....
ਮਾਰਕਸ-ਲੈਨਿਨ-ਮਾਓ ਜ਼ੇ ਤੁੰਗ ਦੇ
ਫਰਜ਼ੰਦ, ਨਿਸ਼ੰਗ ਬਣੋ
ਲਾਲ ਪਰਚਮ ਲਹਿਰਾਓ, ਕਾਮਰੇਡ ਕਹਾਓ....
ਐਪਰ ਯਾਰੋ..ਓ ਖੁਦਦਾਰੋ
"ਅਖੌਤੀ ਹੋਣਾ" ਤਾਂ
ਕੁਝ ਵੀ ਚੰਗਾ ਨਹੀਂ ਹੁੰਦਾ.....।।

ਸਿਰ ਭਾਰ

ਬੰਦੇ ਦਾ ....
ਬਹੁਤ ਸਿਆਣੇ ਹੋਣਾ
ਉਹਦਾ ਤਾ-ਉਮਰ ਦਾ ਰੋਣਾ ...
ਆਪਣੇ ਹੀ ਪਾਣੀਆਂ 'ਚ
ਉਮਰ ਭਰ ਖੁਰਦੇ ਰਹਿਣਾ ..
ਪੈਰਾਂ ਨੂੰ ਕੱਛੇ ਮਾਰ
ਸਿਰ ਭਾਰ ਸਫਰ ਕਰਨਾ
ਲੱਗੀਆਂ ਪੈੜਾਂ ਦੀਆਂ
ਜੜ੍ਹਾਂ ਪੁੱਟ-ਪੁੱਟ ਦੇਖਣਾ ...
ਰਾਤੀਂ ਉੱਠ ਉੱਠ
ਸਾਹਾਂ ਨੂੰ ਗਿਣਨ ਲੱਗਣਾ
ਨਾ ਖੁਦ ਅੱਖ ਲਾਉਣਾ
ਨਾ ਬਿਸਤਰੇ ਨੂੰ ਲਾਉਣ ਦੇਣਾ ....।
ਬਹੁਤ ਸਿਆਣੇ ਹੋਣਾ
ਖੁਦ ਨਾਲ ਧ੍ਰੋਹ ਕਮਾਉਣਾ ...
ਆਪਣੇ ਹੀ ਇੰਦਰਿਆਂ ਨੂੰ
ਦੱਬੂ ਬਣਾ ਲੈਣਾ ...
ਜ਼ੁਬਾਨ ਨੂੰ
ਖੁੱਲ੍ਹ ਕੇ ਬੋਲਣ ਨਾ ਦੇਣਾ ..
ਅੱਖਾਂ ਨੂੰ
ਸ਼ਰਮ ਸ਼ਾਸਤਰ ਦਾ ਪਾਠ ਪੜ੍ਹਾਉਣਾ....
ਕੰਨਾਂ ਨੂੰ
ਰਸੀਲਾਪਣ ਪੀਣ ਤੋਂ ਵਰਜਣਾ...
ਤੇ ਨੱਕ ਨੂੰ
ਉੱਚਾ ਬਹਿਣ 'ਤੇ ਝਿੜਕਣਾ ....!
ਬਹੁਤ ਸਿਆਣੇ ਹੋਣਾ
ਚਿੜੀਆਂ ਦਾ ਦੁੱਧ ਚੋਣਾ....
ਖਾਂਦਿਆਂ ਪੀਂਦਿਆਂ
ਭਾਂਡਿਆਂ 'ਚੋਂ ਚਿੱਬ ਚੁਗਣਾ
ਕਿਸੇ ਦੀ ਗੱਲਬਾਤ 'ਚ
ਵਾਧੂ ਦੇ ਵਿਸ਼ਰਾਮ ਗੱਡਣਾ
ਰਾਹ ਮਿਲੀ ਭੇਡ ਪਿੰਡਿਓਂ
ਲੀਖਾਂ ਨੂੰ ਹੰਢਣਾ
ਕੋਈ ਨਜ਼ਰ ਚੜ੍ਹ ਗਈ ਤਾਂ
ਨੇਜ਼ੇ ਨਾਲ ਫੁੰਡਣਾ
ਸ਼ਿਕਾਰ ਹੱਥ ਆ ਗਿਆ
ਤਾਂ ਫਿਰ ਸਿਰ ਤੱਕ ਕੰਬਣਾ .!
ਬਹੁਤ ਸਿਆਣੇ ਹੋਣਾ
'ਵੱਡੇ' ਦਾ ਸ਼ਰੀਕ ਬਣ ਬਹਿਣਾ...
ਹਰ ਵੇਲੇ ਆਪਣੇ ਹੀ
ਮਹੱਤਵ 'ਚ ਮਚਦੇ ਰਹਿਣਾ ...
ਲੀਰਾਂ ਹੋਈ ਭੋਇੰ ਨੂੰ
ਮੁੜ ਤੋਂ ਸਿਉਂਣ ਦਾ ਸੋਚਣਾ
ਬਿਰਖਾਂ ਨੂੰ ਸਾਵਧਾਨ ਮੁਦਰਾ 'ਚ
ਖੜ੍ਹੇ ਰਹਿਣ ਲਈ ਆਖਣਾ
ਪੰਛੀਆਂ 'ਤੇ ਇਕੋ ਗੀਤ
ਗਾਉਣ ਦੀ ਸਲਾਹ ਠੋਸਣਾ
ਵਗਦੀ 'ਵਾ ਵਧਾਣ ਘਟਾਣ ਲਈ
ਕਿਸੇ ਯੰਤਰ ਆਦਿ ਦਾ ਵਿਉਂਤਣਾ ...
ਬੰਦੇ ਦਾ ਬਹੁਤ ਸਿਆਣੇ ਹੋਣ ਤੋਂ
ਕੁਝ ਕੁ ਨਿਆਣੇ ਹੋਣਾ ਨਿਆਮਤ ....
ਨਿਆਣੇ ਕਹਿੰਦੇ ਨੇ.... ....

ਲੋਹੇ 'ਤੇ ਲੀਕ

ਉਹ ਕੱਚ ਨਹੀਂ
ਪਰਪੱਕ ਹੀ ਕਹਿ ਰਿਹੈ
ਕਿ ਮੇਰੇ ਮੁਲਖ ਦੀ ਸਿਆਸਤ ਨੂੰ
ਹੁਣ ਲਿਆਕਤ ਦੀ ਕਦਰ ਨਹੀਂ ਰਹੀ ..
ਇਸੇ ਨਿਸਬਤ
ਲੁਕਾਈ ਦੀ ਕਿਸਮਤ
ਗਫਲਤ ਦੀਆਂ
ਬਾਹਾਂ 'ਚ ਸੌਂ ਰਹੀ ...
ਹਵਾ, ਸਫਾ ਵਿਹੂਣੀ
ਤੇ ਸਰਵਰਾਂ 'ਚ
ਗਿਲਾਜਤ ਭਰੀ ਪਈ....
ਪਿਛਲੀ ਦੇ ਵਾਕਣਾਂ
ਇਹ ਸਦੀ ਵੀ
ਬਦੀ ਦੇ ਸਾਲ ਪਈ ਜੰਮਦੀ
ਭੂਤਰੀ ਅੱਗ
ਚੰਦਨ ਦੇ ਜੰਗਲ ਰੋਜ਼ ਬੁਰਕਦੀ
ਤੇ ਮਿਰਗਾਂ ਦਾ ਆਤਣ
ਬੇਅਦਬੀ 'ਤੇ ਰਹਿੰਦੈ ਵਿਲਕਦਾ.....
ਅੰਜੀਲ,
ਗ੍ਰੰਥ, ਕੁਰਾਨ
ਤੇ ਗੀਤਾ ਭਗਵਾਨ
ਤਖਤ ਦੇ ਪਾਵਿਆਂ ਹੇਠ ਕੁਰਾਹ ਰਹੇ
ਚੰਦ ਦਾਨਿਸ਼ਮੰਦ
ਆਪਣੇ ਘੇਰਿਆਂ 'ਚ ਬੰਦ
ਸਵੈ ਦੇ ਸਵੱਈਏ ਗਾ ਰਹੇ.....
ਅਕਬਰ,
ਅਕਸਰ ਹੀ
ਆਪਣੇ ਨਾਂਅ ਦੇ ਅਰਥਾਂ ਤੋਂ
ਬੇਖਬਰ ਹੋ ਵਿਚਰਦਾ
ਸੁਬ੍ਹਾ ਜੋ ਆਖਦਾ
ਸ਼ਾਮ ਪਈ ਤੋਂ ਮੁਕਰਦਾ
ਉਹਦਾ 'ਦੀਨ ਏ ਇਲਾਹੀ'
ਕਦ ਦਾ ਬੇਵਫਾਈ ਕਰ ਗਿਆ..

ਰੋਜ਼ ਆਥਣੇ
ਬਦਦੁਆਵਾਂ ਦਾ ਮੀਂਹ ਵਰ੍ਹਦਾ
ਵੇਂਹਦਿਆਂ ਵੇਂਹਦਿਆਂ
ਸਤਰੰਗੀ ਦਾ ਇਕ ਇਕ ਰੰਗ
ਕਾਲੇ 'ਚ ਵਟ ਜਾਂਦਾ
ਤੇ ਸ਼ਾਹੀ ਰੱਥ
ਜਿਸ ਵੀ ਰਾਹ ਤੋਂ ਗੁਜ਼ਰਦਾ
ਉਹ ਰਾਹ
ਟੁੱਟੇ ਤਾਰਿਆਂ ਦੀ ਸਵਾਹ ਨਾਲ
ਭਰ ਜਾਂਦਾ...
ਉਹ ਕੱਚ ਨਹੀਂ
ਪਰਪੱਕ ਹੀ ਕਹਿ ਰਿਹੈ..

ਵੇਦਨਾ

ਦੇਖਦਾਂ ਕਿ -
ਮੇਰੇ ਸਰਵਰਾਂ 'ਚ
ਓਨਾ ਜਲ ਨਹੀਂ ਬਚਿਆ
ਜਿੰਨਾ ਮੇਰੇ ਇਤਿਹਾਸ ਦੇ
ਵਰਕਿਆਂ 'ਤੇ ਲਹੂ ਡੁੱਲ੍ਹਿਆ .. ...
ਤੋਲਦਾ ਹਾਂ-
ਤਾਂ ਪਾਉਂਨਾ
ਕਿ ਸਿਵਿਆਂ 'ਚ
ਬਲੀਆਂ ਲੱਕੜਾਂ
ਘਰਾਂ ਨੂੰ ਲੱਗੀਆਂ ਨਾਲੋਂ
ਕਿਤੇ ਵਧੇਰੇ ..!
ਬਾਰ ਬਾਰ ਗਿਣਦਾਂ
ਬਾਰ ਬਾਰ ਲਿਖਦਾਂ
ਪਰ ਹਰ ਵਾਰ
ਗੱਦਾਰਾਂ ਦੀ ਫਰਿਸਤ
ਸਿਰਦਾਰਾਂ ਦੀ ਲਿਸਟ ਦੇ
ਬਰਾਬਰ ਆ ਖੜ੍ਹਦੀ.....!
ਝੁਰਦਾ ਹਾਂ ਕਿ
ਮੇਰੇ ਹਥਿਆਰ ਘਰ ਦੀ
ਤਲਵਾਰ ਨੇ
ਓਪਰੇ ਮਾਸਖੋਰਿਆਂ ਦੇ
ਉਦਾਰ ਨਾਲੋਂ
ਆਪਣੇ ਹਿਰਨੋਟਿਆਂ ਦਾ ਸ਼ਿਕਾਰ
ਕਿਤੇ ਵੱਧ ਕਰਿਆ .....!
ਕਦੇ ਕਦਾਂ
ਆਪਣੀ ਸਰਜ਼ਮੀਨ ਦਾ
ਇਤਿਹਾਸ ਪੜ੍ਹਦਾਂ ...
ਤਾਂ ਅਕਸਰ
ਹਤਾਸ਼ ਹੋ ਜਾਨਾਂ.....!!

ਸਫ਼ਾ 1 ਦੀ ਬਾਕੀ

ਸ਼ਬਦ, ਕਿਤਾਬ ਅਤੇ ਜ਼ਿੰਦਗੀ...

ਦੀਆਂ ਕਵਿਤਾਵਾਂ ਤੇ ਗੀਤਾਂ ਦਾ ਸੰਗ੍ਰਹਿ ਹੈ। ਯਾਦ ਇਹ ਵੀ ਰੱਖਣਾ ਚਾਹੀਦਾ ਹੈ ਕਿ 'ਗੀਤਾਂਜਲੀ' ਮੂਲ ਰੂਪ ਵਿੱਚ ਬੰਗਾਲੀ ਭਾਸ਼ਾ ਵਿੱਚ ਲਿਖੀ ਗਈ ਸੀ। ਇਸੇ ਤਰ੍ਹਾਂ ਵੀਹਵੀਂ ਸਦੀ ਦੇ ਸ਼ੁਰੂ ਵੇਲੇ ਤੱਕ ਵੀ ਪੰਜਾਬੀ ਸਮਾਜ ਅੰਦਰ ਬਹੁਤ ਸਾਰੇ ਵਹਿਮ-ਭਰਮ ਸਨ, ਇਹ 1930ਵਿਆਂ ਦੁਆਲੇ ਦੀ ਸਥਿਤੀ ਬਾਰੇ ਗੱਲ ਕੀਤੀ ਜਾ ਰਹੀ ਹੈ। ਉਦੋਂ ਪੰਜਾਬੀ ਦੇ ਲੇਖਕ ਗੁਰਬਖਸ਼ ਸਿੰਘ ਪ੍ਰੀਤ ਲੜੀ ਨੇ ਆਪਣੇ ਸਾਹਿਤ ਰਾਹੀਂ ਬਹੁਤ ਸਾਰੇ ਲੋਕਾਂ ਨੂੰ ਇਸ ਪਾਸਿਉਂ ਮੋੜ ਕੇ ਵਹਿਮਾਂ-ਭਰਮਾਂ ਦਾ ਖਹਿੜਾ ਛੱਡਣ ਦੀ ਪ੍ਰੇਰਨਾ ਦਿੱਤੀ ਸੀ, ਪੰਜਾਬੀਆਂ ਦੇ ਕਿੰਨੇ ਕੁ ਘਰਾਂ ਵਿੱਚ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਤਸਵੀਰ ਦੇਖੀ ਜਾ ਸਕਦੀ ਹੈ? ਗੁਰਬਖਸ਼ ਸਿੰਘ ਪ੍ਰੀਤਲੜੀ ਦੀਆਂ ਵਿਦਵਤਾ ਭਰਪੂਰ ਤਰਕਸ਼ੀਲ ਲਿਖਤਾਂ ਦਾ ਅਸਰ ਸਾਡੇ ਸਮਾਜ ਅਤੇ ਪੰਜਾਬੀ ਦੇ ਬਹੁਤ ਸਾਰੇ ਸਾਹਿਤਕਾਰਾਂ 'ਤੇ ਅੱਜ ਤੱਕ ਵੀ ਹੈ। ਇਸੇ ਤਰ੍ਹਾਂ ਸਾਡੇ ਪੰਜਾਬੀ ਸਾਹਿਤ ਨੂੰ ਪ੍ਰੋ. ਪੂਰਨ ਸਿੰਘ ਨੇ ਪ੍ਰਭਾਵਿਤ ਕੀਤਾ ਸੀ, ਪਰ ਕਿੱਥੇ ਹੈ ਅੱਜ ਸਾਡੇ ਪੂਰਨ ਸਿੰਘ ਦੇ ਕਾਵਿ ਦੀ ਪ੍ਰੰਪਰਾ? ਤੇ ਕਿੱਥੇ ਹੈ ਉਹ ਪੰਜਾਬ ਜਿਸ ਦੇ ਪ੍ਰੋ. ਪੂਰਨ ਸਿੰਘ ਗੁਣ ਗਾਉਂਦਾ ਨਹੀਂ ਸੀ ਥੱਕਦਾ?

ਕਾਰਪੋਰੇਟੀ ਸਮੇਂ ਦਾ ਸ਼ਿਕਾਰ ਹੁੰਦਿਆਂ ਸਾਡੇ ਲੋਕਾਂ ਨੇ ਆਪਣੇ ਦਾਨਿਸ਼ਵਰਾਂ (ਸੂਝਵਾਨਾਂ) ਨੂੰ ਵਿਸਾਰ ਦਿੱਤਾ, ਉਨ੍ਹਾਂ ਦੀਆਂ ਸਮਝੌਤੀਆਂ ਨੂੰ ਆਪਣੀ ਜੀਵਨ-ਜਾਚ ਤੋਂ ਵੱਖ ਕਰਦੇ ਜਾ ਰਹੇ ਹਨ। ਇਹ ਵੀ ਭੁੱਲਣਾ ਨਹੀਂ ਚਾਹੀਦਾ ਕਿ ਆਪਣਾ ਬੌਧਿਕ ਚਿੰਤਨ ਭਰਪੂਰ ਵਿਰਸਾ ਵਿਸਾਰਨ ਵਾਲਿਆਂ ਦਾ ਉਹ ਹੀ ਹਾਲ ਹੁੰਦਾ ਹੈ, ਜੋ ਅੱਜ ਪੰਜਾਬੀਆਂ ਦਾ ਹੈ। ਆਪਣੇ ਵੱਲੋਂ ਆਰਥਿਕ ਪੱਖੋਂ ਅਮੀਰ ਬਣਨ ਦੇ ਹਾਬੜਪੁਣੇ ਨੇ ਆਪਣੇ ਸਿਆਣੇ ਸੂਝਵਾਨਾਂ ਦੀਆਂ ਗੱਲਾਂ ਨੂੰ ਲੜ ਹੀ ਨਹੀਂ ਬੰਨ੍ਹਿਆਂ, ਅਮਲ ਤਾਂ ਉਨ੍ਹਾਂ 'ਤੇ ਤਦ ਹੀ ਹੋਣਾ ਸੀ, ਜੇ ਉਹ ਲੜ ਬੰਨ੍ਹੀਆਂ ਹੁੰਦੀਆਂ। ਇਕ ਹੋਰ "ਧਿਰ" ਵੱਲ ਵੀ ਧਿਆਨ ਦੇਣ ਦੀ ਲੋੜ ਹੈ, ਕਾਫੀ ਸਾਰੇ ਆਪਣੇ-ਆਪ ਨੂੰ ਬੁੱਧੀਮਾਨ ਕਹਾਉਣ ਤੇ ਜ਼ਮੀਰਾਂ ਵੇਚਣ ਵਾਲਿਆਂ ਦਾ ਇਹ ਟੋਲਾ ਵੀ ਆਪਣੇ ਲੋਕਾਂ ਅੰਦਰ ਸਾਹਿਤ ਪ੍ਰਤੀ ਮੋਹ ਭੰਗ ਕਰਨ ਦਾ ਦੋਸ਼ੀ ਹੈ।

ਸਾਹਿਤ ਅਸੀਂ ਦੋ ਤਰ੍ਹਾਂ ਪੜ੍ਹਦੇ ਹਾਂ ਇਕ ਤਾਂ ਹੈ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਪਾਠਕ੍ਰਮਾਂ ਵਿੱਚ ਲੱਗੀਆਂ ਕਿਤਾਬਾਂ, ਜੋ ਕਿਸੇ ਵੀ ਕਿਸਮ ਦੀ ਕੋਈ ਡਿਗਰੀ ਕਰਨ ਵਾਸਤੇ ਪੜ੍ਹਨੀਆਂ ਜ਼ਰੂਰੀ ਹੁੰਦੀਆਂ ਹਨ, ਪਰ ਇਨ੍ਹਾਂ ਕਿਤਾਬਾਂ ਦਾ ਆਪਣਾ ਇਕ ਦਾਇਰਾ ਹੁੰਦਾ ਹੈ, ਜਿਸ ਤੋਂ ਬਾਹਰ ਜਾਣ ਦੀ ਕਿਸੇ ਨੂੰ ਆਗਿਆ ਨਹੀਂ ਹੁੰਦੀ। ਇਨ੍ਹਾਂ ਕਿਤਾਬਾਂ ਦੀ ਸੇਧ ਪਾਠਕ੍ਰਮ ਮਿੱਥਣ ਵਾਲਿਆਂ ਦੀ ਮਨਸ਼ਾ ਜਾਂ ਰਾਜ ਸੱਤਾ 'ਤੇ ਕਾਬਜ਼ ਜਮਾਤ ਦੀ ਰਾਜਸੀ ਮਰਜ਼ੀ ਦੇ ਵਿਰੋਧ ਵਿੱਚ ਨਹੀਂ ਜਾ ਸਕਦੀ। ਦੂਸਰੀ ਕਿਸਮ ਦਾ ਉਹ ਸਾਹਿਤ ਹੈ, ਜੋ ਅਸੀਂ ਆਪਣੇ ਗਿਆਨ, ਸੂਝ ਤੇ ਅਕਲ ਦੇ ਦਾਇਰੇ ਨੂੰ ਵਿਸ਼ਾਲ ਕਰਕੇ ਦੁਨੀਆ ਦੇ ਪੱਧਰ ਤੱਕ ਵਧਾਉਣ ਖਾਤਰ ਪੜ੍ਹਦੇ ਹਾਂ। ਇਨ੍ਹਾਂ ਦੋਹਾਂ ਕਿਸਮਾਂ ਦੇ ਸਾਹਿਤ ਨੂੰ ਪੜ੍ਹਦਿਆਂ ਬਹੁਤ ਸਾਰਾ ਅੰਤਰ ਜਾਂ ਫਰਕ ਵੀ ਨਜ਼ਰ ਆਉਂਦਾ ਹੈ। ਪਾਠਕ੍ਰਮਾਂ ਵਾਲਾ ਸਾਹਿਤ ਵਗਦੀ ਨਹਿਰ ਦੇ ਦੋ ਕਿਨਾਰਿਆਂ ਵਿੱਚ ਸਿਮਟਿਆ ਹੁੰਦਾ ਹੈ, ਜਦੋਂ ਕਿ ਦੂਜੀ ਕਿਸਮ ਦਾ ਸਾਹਿਤ ਸਮੁੰਦਰ ਤੇ ਅਸਮਾਨ ਵਾਂਗ ਵਿਸ਼ਾਲ ਹੁੰਦਾ ਹੈ, ਬਿਨਾਂ ਕਿਨਾਰਿਆਂ ਅਤੇ ਬਿਨਾਂ ਦਿਸਹੱਦਿਆਂ ਤੋਂ, ਪੂਰੀ ਦੁਨੀਆ ਦੇ ਮਸਲਿਆਂ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੋਇਆ। ਤਾਂ ਹੀ ਤਾਂ ਅਸੀਂ ਦੁਨੀਆ ਦੇ ਜਾਣਕਾਰ ਹੁੰਦੇ ਹਾਂ। ਨਹੀਂ ਤਾਂ ਸਾਨੂੰ ਕੀ ਪਤਾ ਲੱਗਦਾ ਕਿ ਕੌਣ ਹੋਇਆ ਸੈਕਸਪੀਅਰ, ਕੌਣ ਹੈ ਬਰਨਾਰਡ ਸ਼ਾਹ ਤੇ ਜੌਹਨ ਕੀਟਸ, ਕੌਣ ਹੈ ਤਾਲਸਤਾਏ ਤੇ ਕੌਣ ਹੋਇਆ ਮੈਕਸਿਮ ਗੋਰਕੀ, ਚੈਖਵ, ਸੋਲੋਖੋਵ, ਦਾਸਤੋਵਸਕੀ, ਕੌਣ ਹੈ ਥਾਮਸਮਨ, ਕਿਵੇਂ ਪਤਾ ਲਗਦਾ ਕੌਣ ਹੋਇਆ "ਰੂਟਸ ਲਿਖਣ ਵਾਲਾ ਐਲੇਕਸ ਹੇਲੀ, ਤਕਰੀਬਨ ਹਰ ਪੰਜਾਬੀ ਵੱਲੋਂ ਪੜ੍ਹੀ ਕਿਤਾਬ "ਮੇਰਾ ਦਾਗਿਸਤਾਨ" ਦਾ ਲੇਖਕ ਰਸੂਲ ਹਮਜ਼ਾਤੋਵ, ਕੌਣ ਹੈ 'ਅਸਲੀ ਇਨਸਾਨ' ਦੀ ਕਹਾਣੀ ਲਿਖਣ ਵਾਲਾ ਬੋਰਿਸ ਪੋਲੇਬੋਈ, ਸ਼ੋਲੋਖੋਵ, ਪਾਸਤਰਨਾਕ ਜਾਂ ਫੇਰ ਦਾਂਤੇ ਕੌਣ ਹੈ, ਯਾਂ ਪਾਲ ਸਾਰਤਰ, ਕੌਣ ਹੈ ਰੂਸੋ ਤੇ ਐਲਬਰਟ ਕਾਮੂ, ਕੌਣ ਹੋਈ ਸੀਮੋਨ ਦੀ ਬਓਵਾਰ ਜੀਹਨੇ "ਦਿ ਸੈਕੰਡ ਸੈਕਸ" ਕਿਤਾਬ ਲਿਖੀ, ਜਿਸ ਨੂੰ 'ਨਾਰੀਵਾਦ ਦੀ ਬਾਈਬਲ' ਕਿਹਾ ਜਾਂਦਾ ਹੈ, ਕੌਣ ਹੈ ਨਾਦੀਨ ਗਾਰਡੀਮਰ, ਡੋਰਿਸ ਲੈਸਿੰਗ ਤੇ ਟੋਨੀ ਮਾਰੀਸਨ, ਕੌਣ ਹੋਇਆ ਸੱਚ ਖਾਤਰ ਜ਼ਹਿਰ ਪੀਣ ਵਾਲਾ ਸੁਕਰਾਤ। ਤੁਰਕੀ ਵਾਲੇ ਨਾਜ਼ਿਮ ਹਿਕਮਤ, ਨੂੰ ਕੌਣ ਨਹੀਂ ਜਾਣਦਾ ? ਜਰਮਨੀ ਵਿੱਚ ਵਸਦੇ ਹੋਏ ਕਿੰਨੇ ਕੁ ਸਾਡੇ ਲੋਕ ਹਨ ਜੋ ਬ੍ਰਤੋਲਤ ਬ੍ਰੈਖਤ, ਮਾਰਟਿਨ ਨੀਮੋਇਲ

23-April-Sunday.qxd 4/22/2023 9:01 PM Page 2

ਪਿਛਲੇ ਦਿਨੀਂ ਸਟਾਕਹੋਮ ਸਥਿਤ ਸਵੀਡਿਸ਼ ਅਕਾਦਮੀ ਵਿਖੇ 'ਥਾਟ ਐਂਡ ਟਰੁੱਥ ਅੰਡਰ ਪ੍ਰੈਸ਼ਰ' ਵਿਸ਼ੇ 'ਤੇ ਇਕ ਕਾਨਫਰੰਸ ਆਯੋਜਿਤ ਕੀਤੀ ਗਈ ਸੀ। 22 ਮਾਰਚ 2023 ਨੂੰ ਹੋਈ ਇਸ ਕਾਨਫਰੰਸ ਵਿਚ ਪੰਜ ਹੋਰ ਬੁਲਾਰਿਆਂ ਦੇ ਸਾਡੇ ਸਮਿਆਂ ਦੀ ਸਮਰੱਥ ਚਿੰਤਕ ਅਤੇ ਲੇਖਕਾ ਅਰੁੰਧਤੀ ਗਏ ਨੇ ਵੀ ਆਪਣੇ ਵਿਚਾਰ ਰੱਖੇ ਸਨ ਅਤੇ ਭਾਰਤ 'ਚ ਮੋਦੀ ਹਕੂਮਤ ਹੇਠ ਬਣ ਰਹੇ ਹਾਲਾਤ ਬਾਰੇ ਚਰਚਾ ਕੀਤੀ ਸੀ। ਇਸ ਮੌਕੇ ਦਿੱਤੇ ਬਹੁਤ ਹੀ ਮਹੱਤਵਪੂਰਨ ਭਾਸ਼ਣ ਦਾ ਪੰਜਾਬੀ ਅਨੁਵਾਦ ਪਾਠਕਾਂ ਨਾਲ ਸਾਂਝਾ ਕਰਨ ਦੀ ਖੁਸ਼ੀ ਲੈ ਰਹੇ ਹਾਂ।

-ਸੰਪਾਦਕ

ਬੋਲਣ ਦੀ ਆਜ਼ਾਦੀ ਤੇ ਅਸਫ਼ਲ ਹੋ ਰਿਹਾ ਲੋਕਤੰਤਰ

ਅਰੁੰਧਤੀ ਗਏ

ਅਨੁ : ਬੂਟਾ ਸਿੰਘ ਮਹਿਮੂਦਪੁਰ

ਮੈਂ ਸਵੀਡਿਸ਼ ਅਕਾਦਮੀ ਦਾ ਧੰਨਵਾਦ ਕਰਦੀ ਹਾਂ ਕਿ ਤੁਸੀਂ ਮੈਨੂੰ ਇਸ ਕਾਨਫਰੰਸ ਵਿਚ ਬੋਲਣ ਲਈ ਸੱਦਿਆ ਅਤੇ ਮੈਨੂੰ ਹੋਰ ਬੁਲਾਰਿਆਂ ਨੂੰ ਸੁਣਨ ਦਾ ਇਹ ਖ਼ਾਸ ਮੌਕਾ ਦਿੱਤਾ। ਇਸ ਦੀ ਯੋਜਨਾ ਦੋ ਸਾਲ ਪਹਿਲਾਂ ਉਦੋਂ ਬਣਾਈ ਗਈ ਸੀ ਜਦੋਂ ਕੋਰੋਨਾ ਵਾਇਰਸ ਦੀ ਵਿਸ਼ਵ-ਵਿਆਪੀ ਮਹਾਂਮਾਰੀ ਦੀ ਪੂਰੀ ਦਹਿਸ਼ਤ ਅਜੇ ਸਾਹਮਣੇ ਆਉਣੀ ਬਾਕੀ ਸੀ ਅਤੇ ਜਦੋਂ ਯੂਕਰੇਨ ਉੱਪਰ ਰੂਸੀ ਹਮਲਾ ਨਹੀਂ ਹੋਇਆ ਸੀ, ਪਰ ਇਨ੍ਹਾਂ ਦੋ ਵਿਨਾਸ਼ਕਾਰੀ ਘਟਨਾਵਾਂ ਨੇ ਸਿਰਫ਼ ਉਸ ਜੋਖ਼ਮ ਨੂੰ ਹੋਰ ਡੂੰਘਾ ਹੀ ਕੀਤਾ ਹੈ, ਜਿਸ ਬਾਰੇ ਅਸੀਂ ਇੱਥੇ ਵਿਚਾਰ ਕਰਨ ਲਈ ਜੁੜੇ ਹਾਂ- ਉਹ ਇਹ ਵਰਤਾਰਾ ਹੈ ਕਿ ਲੋਕਤੰਤਰ ਨੂੰ ਅਜਿਹੀ ਚੀਜ਼ ਵਿਚ ਬਦਲਿਆ ਜਾ ਰਿਹਾ ਹੈ, ਜੋ ਪਛਾਣ ਤੋਂ ਪਰੇ ਹੈ, ਪਰ ਉਸ ਵਿਚ ਬਹੁਤ ਹੀ ਡਰਾਉਣੇ ਰੂਪ ਵਿਚ, ਪਛਾਣੇ ਹੋਏ ਰੂਪ 'ਚ ਵੀ ਨਜ਼ਰ ਆ ਰਹੇ ਹਨ। ਦਿਨ-ਬ-ਦਿਨ ਬੋਲਣ ਉੱਪਰ ਪਾਬੰਦੀਆਂ ਵਧਦੀਆਂ ਜਾ ਰਹੀਆਂ ਹਨ, ਜਿਨ੍ਹਾਂ ਦਾ ਤਰੀਕਾ ਬਹੁਤ ਪੁਰਾਣਾ ਹੈ ਅਤੇ ਬਹੁਤ ਨਵਾਂ ਵੀ। ਇਹ ਪਾਬੰਦੀਆਂ ਇਕ ਐਸੇ ਮੁਕਾਮ 'ਤੇ ਪਹੁੰਚ ਰਹੀਆਂ ਹਨ ਕਿ ਖ਼ੁਦ ਮਾਹੌਲ ਹੀ ਇਕ ਅਜਿਹੀ ਮਸ਼ੀਨ ਵਿਚ ਬਦਲ ਗਿਆ ਹੈ, ਜੋ ਇਹ ਪਤਾ ਲਗਾਉਂਦਾ ਹੈ ਕਿ ਕੌਣ ਗੁੰਮਰਾਹ ਹੈ ਅਤੇ ਉਨ੍ਹਾਂ ਨੂੰ ਸਜ਼ਾ ਦਿੰਦਾ ਹੈ। ਅਸੀਂ ਤੇਜ਼ੀ ਨਾਲ ਇਕ ਅਜਿਹੀ ਥਾਂ 'ਤੇ ਪਹੁੰਚ ਗਏ ਜਾਪਦੇ ਹਾਂ, ਜੋ ਇਕ ਬੌਧਿਕ ਬੰਦ ਗਲੀ ਜਾਂ ਚੁਰਾਹੇ 'ਚ ਲੱਗੇ ਜਾਮ ਵਰਗੀ ਕਸੂਤੀ ਹਾਲਤ ਹੈ।

ਮੈਂ ਆਪਣੀ ਗੱਲ ਦਾ ਆਰੰਭ ਆਪਣੇ ਸਿਰਲੇਖ 'ਚ ਅਖ਼ੀਰ 'ਚ ਕਹੀ ਗੱਲ ਤੋਂ, ਅਤੇ ਸਭ ਤੋਂ ਪਹਿਲਾਂ ਮੈਂ ਅਸਫ਼ਲ ਹੋ ਰਹੇ ਲੋਕਤੰਤਰ ਉੱਪਰ ਗੱਲ ਕਰਾਂਗੀ।

ਸਵੀਡਨ ਵਿਚ ਮੈਂ ਆਖ਼ਰੀ ਵਾਰ 2017 ਵਿਚ ਗੋਟੇਨਬਰਗ ਪੁਸਤਕ ਮੇਲੇ ਵਿਚ ਆਈ ਸੀ। ਬਹੁਤ ਸਾਰੇ ਕਾਰਕੁਨਾਂ ਨੇ ਮੈਨੂੰ ਮੇਲੇ ਦਾ ਬਾਈਕਾਟ ਕਰਨ ਲਈ ਕਿਹਾ, ਕਿਉਂਕਿ ਮੇਲੇ ਵਾਲਿਆਂ ਨੇ ਬੋਲਣ ਦੀ ਆਜ਼ਾਦੀ ਦੇ ਨਾਂਅ 'ਤੇ ਘੋਰ ਸੱਜੇ ਪੱਖੀ ਨੀਯੋ ਟੀਡਰ ਅਖ਼ਬਾਰ ਨੂੰ ਆਪਣਾ ਸਟਾਲ ਲਗਾਉਣ ਦੀ ਖੁੱਲ੍ਹ ਦਿੱਤੀ ਸੀ। ਉਸ ਵਕਤ ਮੈਂ ਕਿਹਾ ਸੀ ਕਿ ਮੇਰੇ ਲਈ ਅਜਿਹਾ ਕਰਨਾ ਬਹੁਤ ਬੇਤੁਕਾ ਹੋਵੇਗਾ, ਕਿਉਂਕਿ ਮੇਰੇ ਮੁਲਕ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜਿਸ ਨੂੰ ਦੁਨੀਆ ਦੇ ਰੰਗ-ਮੰਚ ਉੱਪਰ ਬਹੁਤ ਨਿੱਘ ਨਾਲ ਬੁਲਾਇਆ ਜਾਂਦਾ ਸੀ (ਅਤੇ ਅਜੇ ਵੀ ਇਸੇ ਤਰ੍ਹਾਂ ਬੁਲਾਇਆ ਜਾਂਦਾ ਹੈ) ਆਰ.ਐੱਸ.ਐੱਸ. ਦਾ ਤਾਉਮਰ ਲਈ ਮੈਂਬਰ ਹੈ। ਇਹ ਆਰ.ਐੱਸ.ਐੱਸ. 1925 ਵਿਚ ਬਣਾਇਆ ਗਿਆ ਘੋਰ ਸੱਜੇਪੱਖੀ ਸ਼ੋਸ਼ਟਵਾਦੀ ਸੰਗਠਨ ਹੈ, ਜਿਸ ਨੂੰ ਮੁਸੋਲਿਨੀ ਦੀ ਨੈਸ਼ਨਲ ਫਾਸ਼ੀਵਾਦੀ ਪਾਰਟੀ ਦੇ 'ਪੂਰੀ ਤਰ੍ਹਾਂ ਸਵੈ-ਸੇਵੀ ਨੀਮ-ਫ਼ੌਜੀ ਬਲੈਕਸ਼ਰਟਸ ਦੀ ਤਰਜ਼ 'ਤੇ' ਬਣਾਇਆ ਗਿਆ ਹੈ।

ਗੋਟੇਨਬਰਗ ਵਿਚ ਮੈਂ ਨੌਰਡਿਕ ਰਜਿਸਟੈਂਸ ਮੂਵਮੈਂਟ ਨੂੰ ਮਾਰਚ ਕਰਦੇ ਦੇਖਿਆ। ਦੂਜੇ ਆਲਮੀ ਯੁੱਧ ਤੋਂ ਬਾਅਦ ਯੂਰਪ ਵਿਚ ਪਹਿਲਾ ਨਾਜ਼ੀ ਜਲੂਸ। ਨੌਜਵਾਨ ਫਾਸ਼ੀਵਾਦ ਵਿਰੋਧੀਆਂ ਨੇ ਸੜਕਾਂ 'ਤੇ ਆ ਕੇ ਇਸ ਦਾ ਵਿਰੋਧ ਕੀਤਾ, ਪਰ ਅੱਜ ਇਕ ਕੱਟੜ ਸੱਜੇ-ਪੱਖੀ ਪਾਰਟੀ ਸਵੀਡਨ ਵਿਚ ਸੱਤਾਧਾਰੀ ਗੱਠਜੋੜ ਦਾ ਹਿੱਸਾ ਹੈ, ਭਾਵੇਂ ਉਹ ਖੁੱਲ੍ਹੇਆਮ ਨਾਜ਼ੀ ਨਾ ਹੀ ਹੋਵੇ ਅਤੇ ਨਰਿੰਦਰ ਮੋਦੀ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਆਪਣਾ ਨੌਵਾਂ ਸਾਲ ਪੂਰਾ ਕਰ ਰਿਹਾ ਹੈ।

ਅਸਫ਼ਲ ਹੋ ਰਹੇ ਲੋਕਤੰਤਰ ਦੀ ਗੱਲ ਕਰਦੇ ਹੋਏ ਮੈਂ ਮੁੱਖ ਤੌਰ 'ਤੇ ਭਾਰਤ ਬਾਰੇ ਗੱਲ ਕਰਾਂਗੀ। ਇਸ ਲਈ ਨਹੀਂ ਕਿ ਇਹ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਵਜੋਂ ਜਾਣਿਆ ਜਾਂਦਾ ਹੈ, ਸਗੋਂ ਇਸ ਲਈ ਕਿ ਇਹ ਉਹ ਧਰਤੀ ਹੈ, ਜਿਸ ਨੂੰ ਮੈਂ ਪਿਆਰ ਕਰਦੀ ਹਾਂ, ਉਹ ਜਗ੍ਹਾ ਜਿਸ ਨੂੰ ਮੈਂ ਜਾਣਦੀ ਹਾਂ ਅਤੇ ਜਿੱਥੇ ਮੈਂ ਰਹਿੰਦੀ ਹਾਂ, ਉਹ ਜਗ੍ਹਾ ਜੋ ਹਰ ਰੋਜ਼ ਮੇਰਾ ਦਿਲ ਤੋੜਦੀ ਹੈ ਅਤੇ ਇਸ ਦਾ ਇਲਾਜ ਵੀ ਕਰਦੀ ਹੈ। ਇਹ ਚੇਤੇ ਰੱਖਣਾ ਕਿ ਮੈਂ ਜੋ ਕੁਛ ਵੀ ਕਹਾਂਗੀ, ਉਹ ਮਦਦ ਦੀ ਪੁਕਾਰ ਹੈ, ਕਿਉਂਕਿ ਭਾਰਤ ਵਿਚ ਅਸੀਂ ਲੋਕ ਬਾਖ਼ੂਬੀ ਜਾਣਦੇ ਹਾਂ ਕਿ ਕੋਈ ਮਦਦ ਨਹੀਂ ਆਵੇਗੀ। ਕੋਈ ਮਦਦ ਨਹੀਂ ਆ ਸਕਦੀ। ਇੱਥੇ ਬੋਲਦੇ ਹੋਏ ਮੈਂ ਤੁਹਾਨੂੰ ਇਕ ਅਜਿਹੇ ਮੁਲਕ ਬਾਰੇ ਦੱਸ ਰਹੀ ਹਾਂ, ਜੋ ਆਪਣੀਆਂ ਖ਼ਾਮੀਆਂ ਦੇ ਬਾਵਜੂਦ ਇਕ ਸਮੇਂ ਵਿਲੱਖਣ ਸੰਭਾਵਨਾਵਾਂ ਨਾਲ ਭਰਪੂਰ ਸੀ, ਇਕ ਅਜਿਹਾ ਮੁਲਕ ਜਿਸ ਨੇ ਖ਼ੁਸ਼ਹਾਲੀ, ਸਬਰ-ਸੰਤੋਖ, ਸਹਿਣਸ਼ੀਲਤਾ, ਵੰਨ-ਸੁਵੰਨਤਾ ਅਤੇ ਸਥਿਰਤਾ ਦੀ ਅਜਿਹੀ ਸਮਝ ਪੇਸ਼ ਕੀਤੀ, ਜੋ ਪੱਛਮੀ ਦੁਨੀਆ ਤੋਂ ਪੂਰੀ ਤਰ੍ਹਾਂ ਅਲਹਿਦਾ ਸੀ। ਉਸ ਸਭ ਕਾਸੇ ਨੂੰ ਖ਼ਤਮ ਕੀਤਾ ਜਾ ਰਿਹਾ ਹੈ, ਉਸ ਦੀ ਰੂਹ ਨੂੰ ਕੁਚਲਿਆ ਜਾ ਰਿਹਾ ਹੈ।

ਭਾਰਤ ਦੇ ਲੋਕਤੰਤਰ ਨੂੰ ਬਹੁਤ ਸਿਲਸਿਲੇਵਾਰ ਤਰੀਕੇ ਨਾਲ ਟੁਕੜੇ-ਟੁਕੜੇ ਕਰਕੇ ਉਧੇੜਿਆ ਜਾ ਰਿਹਾ ਹੈ। ਸਿਰਫ਼ ਰਮਮਾਂ ਬਚੀਆਂ ਹਨ। ਇਹ ਤੈਅ ਹੈ ਕਿ ਅਗਲੇ ਸਾਲ ਤੁਸੀਂ ਸਾਡੀਆਂ ਸਰਗਰਮ, ਰੰਗ-ਬਿਰੰਗੀਆਂ ਚੋਣਾਂ ਬਾਰੇ ਬਹੁਤ ਕੁਝ ਸੁਣੋਗੇ। ਸਿਰਫ਼ ਇਕ ਚੀਜ਼ ਜੋ ਦਿਖਾਈ ਨਹੀਂ ਦੇਵੇਗੀ, ਉਹ ਇਹ ਹੈ ਕਿ ਸਾਰਿਆਂ ਲਈ ਨਿਰਪੱਖ ਅਤੇ ਬਰਾਬਰ ਨਜ਼ਰ ਆਉਣ ਵਾਲੀ ਇਹ ਸਮਤਲ ਜ਼ਮੀਨ, ਜੋ ਨਿਰਪੱਖ ਚੋਣਾਂ ਦਾ ਆਧਾਰ ਹੁੰਦੀ ਹੈ, ਦਰਅਸਲ ਇਕ ਤਿੱਖੀ ਢਲਾਣ ਵਾਲੀ ਚੋਟੀ ਹੈ, ਜਿੱਥੇ ਇਕ ਤਰ੍ਹਾਂ ਨਾਲ ਸਾਰੀ ਦੌਲਤ, ਸਾਰਾ ਡੇਟਾ, ਮੀਡੀਆ, ਚੋਣ ਮੈਨੇਜਮੈਂਟ ਅਤੇ ਸੁਰੱਖਿਆ ਪ੍ਰਣਾਲੀ ਲੁੜਕ ਕੇ ਹੁਕਮਰਾਨ ਧਿਰ ਦੇ ਹੱਥਾਂ ਵਿਚ ਆ ਗਈ ਹੈ।

ਸਵੀਡਨ ਦਾ ਵੀ-ਡੈਮ ਇੰਸਟੀਚਿਊਟ ਆਪਣੇ ਵਿਸਤਾਰਤ ਅਤੇ ਵਿਆਪਕ ਡੇਟਾ ਸੈੱਟ ਨਾਲ ਲੋਕਤੰਤਰਾਂ ਦੀ ਸਿਹਤ ਨੂੰ ਮਾਪਦਾ ਹੈ। ਉਸ ਨੇ ਭਾਰਤ ਨੂੰ 'ਚੁਣਾਵੀ ਨਿਰੰਕੁਸ਼ਤਾ' ਦਾ ਦਰਜਾ ਦਿੱਤਾ ਹੈ ਅਤੇ ਇਸ ਨੂੰ ਅਲ ਸਲਵਾਡੋਰ, ਤੁਰਕੀ ਅਤੇ ਹੰਗਰੀ ਦੇ ਨਾਲ ਰੱਖਿਆ ਗਿਆ ਹੈ। ਇੰਸਟੀਚਿਊਟ ਨੇ ਅੰਦੇਸ਼ਾ ਜ਼ਾਹਿਰ ਕੀਤਾ ਹੈ ਕਿ ਉੱਥੇ ਹੁਣ ਚੀਜ਼ਾਂ ਬਦਤਰ ਹੋਣ ਵਾਲੀਆਂ ਹਨ। ਅਸੀਂ 140 ਕਰੋੜ ਲੋਕਾਂ ਨੂੰ ਲੋਕਤੰਤਰ ਤੋਂ ਵਾਂਝੇ ਕੀਤੇ ਜਾਣ ਅਤੇ ਇਕ ਤਾਨਾਸ਼ਾਹੀ ਰਾਜ ਵਿਚ ਧੱਕੇ ਜਾਣ ਦੀ ਗੱਲ ਕਰ ਰਹੇ ਹਾਂ ਜਾਂ ਇਹ ਇਸ ਤੋਂ ਵੀ ਭੈੜਾ ਹੋ ਸਕਦਾ ਹੈ।

ਲੋਕਤੰਤਰ ਦੇ ਟੁਕੜੇ-ਟੁਕੜੇ ਹੋਣ ਦਾ ਅਮਲ ਮੋਦੀ ਅਤੇ ਆਰ.ਐੱਸ.ਐੱਸ. ਦੇ ਸੱਤਾ ਵਿਚ ਆਉਣ ਤੋਂ ਬਹੁਤ ਪਹਿਲਾਂ ਸ਼ੁਰੂ ਹੋ ਗਿਆ ਸੀ। ਪੰਦਰਾਂ ਸਾਲ ਪਹਿਲਾਂ ਮੈਂ ਡੈਮੋਕ੍ਰੇਸੀਜ਼ ਫੇਲਿੰਗ ਲਾਈਟਸ (ਲੋਕਤੰਤਰ ਦਾ ਬੁਝਦਾ ਦੀਵਾ) ਨਾਂਅ ਦਾ ਲੇਖ ਲਿਖਿਆ ਸੀ। ਉਦੋਂ ਕਾਂਗਰਸ ਪਾਰਟੀ ਸੱਤਾ ਵਿਚ ਸੀ, ਜੋ ਕਿ ਪੁਰਾਣੇ ਜਗੀਰੂ ਖ਼ਾਨਦਾਨੀ ਅਤੇ ਖੁੱਲ੍ਹੀ ਮੰਡੀ ਨਾਲ ਜੋਸ਼ ਨਾਲ ਜੁੜੇ ਟੈਕਨੋਕ੍ਰੇਟਾਂ ਦੀ ਪਾਰਟੀ ਹੈ। ਮੈਂ ਉਸ ਲੇਖ ਦਾ ਇਕ ਛੋਟਾ ਜਿਹਾ ਹਿੱਸਾ ਪੜ੍ਹਾਂਗੀ, ਇਸ ਲਈ ਨਹੀਂ ਕਿ ਮੈਂ ਇਹ ਸਾਬਤ ਕਰਨਾ ਚਾਹੁੰਦੀ ਹਾਂ ਕਿ ਮੈਂ ਕਿਵੇਂ ਦਰੁਸਤ ਸੀ, ਸਗੋਂ ਤੁਹਾਨੂੰ ਇਹ ਦਿਖਾ ਸਕਾਂ ਕਿ ਉਦੋਂ ਤੋਂ ਲੈ ਕੇ ਹੁਣ ਤੱਕ ਚੀਜ਼ਾਂ ਕਿੰਨੀਆਂ ਬਦਲ ਗਈਆਂ ਹਨ।

'ਹੁਣ ਜਦੋਂ ਅਸੀਂ ਇਸ ਬਹਿਸ ਵਿਚ ਉਲਝੇ ਹੋਏ ਹਾਂ ਕਿ ਕੀ ਮੌਤ ਤੋਂ ਬਾਅਦ ਜ਼ਿੰਦਗੀ ਹੁੰਦੀ ਹੈ, ਕੀ ਅਸੀਂ ਇਸ ਫਿਹਰਿਸਤ ਵਿਚ ਇਕ ਹੋਰ ਸਵਾਲ ਜੋੜ ਸਕਦੇ ਹਾਂ? ਕੀ ਲੋਕਤੰਤਰ ਤੋਂ ਬਾਅਦ ਜ਼ਿੰਦਗੀ ਸੰਭਵ ਹੈ? ਉਹ ਕਿਸ ਤਰ੍ਹਾਂ ਦੀ ਜ਼ਿੰਦਗੀ ਹੋਵੇਗੀ?

ਹੁਣ ਦਰਅਸਲ ਸਵਾਲ ਇਹ ਹੈ ਕਿ ਅਸੀਂ ਲੋਕਤੰਤਰ ਨਾਲ ਕੀ ਭਾਣਾ ਵਰਤਾਅ ਦਿੱਤਾ ਹੈ? ਅਸੀਂ ਇਸ ਨੂੰ ਕਿਸ ਚੀਜ਼ ਵਿਚ ਬਦਲ ਦਿੱਤਾ ਹੈ? ਜਦੋਂ ਲੋਕਤੰਤਰ ਦਾ ਲਾਹਾ ਲੈ ਲਿਆ ਜਾਂਦਾ ਹੈ ਤਾਂ ਕੀ ਵਾਪਰਦਾ ਹੈ? ਜਦੋਂ ਇਸ ਨੂੰ ਇਸ ਤਰ੍ਹਾਂ ਖੋਖਲਾ ਕਰ ਦਿੱਤਾ ਜਾਂਦਾ ਹੈ ਕਿ ਇਸ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ? ਜਦੋਂ ਇਸ ਦੀ ਹਰੇਕ ਸੰਸਥਾ ਨੂੰ ਕਿਸੇ ਖ਼ਤਰਨਾਕ ਸ਼ੈਅ 'ਚ ਬਦਲ ਦਿੱਤਾ ਜਾਂਦਾ ਹੈ ਤਾਂ ਕੀ ਵਾਪਰਦਾ ਹੈ? ਹੁਣ ਕੀ ਹੋਵੇਗਾ ਜਦੋਂ ਲੋਕਤੰਤਰ ਅਤੇ ਖੁੱਲ੍ਹੀ ਮੰਡੀ ਨੂੰ ਆਪਸ ਵਿਚ ਮਿਲਾ ਕੇ ਇਕ ਐਸੇ ਵਹਿਸ਼ੀ ਦਰਿੰਦੇ 'ਚ ਬਦਲ ਦਿੱਤਾ ਗਿਆ ਹੈ, ਜਿਸ ਦੇ ਕੋਲ ਸਿਰਫ਼ ਇਹੀ ਪਤਲੀ ਅਤੇ ਸੀਮਤ ਜਹੀ ਕਲਪਨਾ ਹੈ ਕਿ ਮੁਨਾਫ਼ੇ ਨੂੰ ਜ਼ਿਆਦਾ ਤੋਂ ਜ਼ਿਆਦਾ ਕਿਵੇਂ ਵਧਾਇਆ ਜਾਵੇ ਅਤੇ ਉਹ ਇਸੇ ਖ਼ਿਆਲ ਦੇ ਪਿੱਛੇ-ਪਿੱਛੇ ਤੁਰਦਾ ਰਹਿੰਦਾ ਹੈ? ਕੀ ਇਸ ਪ੍ਰਕਿਰਿਆ ਨੂੰ ਪੁੱਠਾ ਗੇੜਾ ਦੇਣਾ ਸੰਭਵ ਹੈ? ਜੋ ਚੀਜ਼ ਆਪਣੇ ਮੂਲ ਚਰਿੱਤਰ ਤੋਂ ਬਦਲ ਕੇ ਕੁਝ ਹੋਰ ਬਣ ਗਈ ਹੈ, ਕੀ ਉਹ ਉਸ ਮੂਲ ਚੀਜ਼ 'ਚ ਮੁੜ ਬਦਲ ਸਕਦੀ ਹੈ, ਜੋ ਉਹ ਪਹਿਲਾਂ ਹੁੰਦੀ ਸੀ?'

ਉਹ ਸੰਨ 2009 ਸੀ। ਪੰਜ ਸਾਲ ਬਾਅਦ 2014 ਵਿਚ ਮੋਦੀ ਭਾਰਤ ਦਾ ਪ੍ਰਧਾਨ ਮੰਤਰੀ ਚੁਣਿਆ ਗਿਆ। ਉਦੋਂ ਤੋਂ ਲੈ ਕੇ ਨੌਂ ਸਾਲਾਂ 'ਚ ਭਾਰਤ ਏਨਾ ਬਦਲ ਗਿਆ ਹੈ ਕਿ ਤੁਸੀਂ ਇਸ ਨੂੰ ਪਛਾਣ ਨਹੀਂ ਸਕਦੇ। ਭਾਰਤ ਦਾ ਸੰਵਿਧਾਨ, ਜਿਸ 'ਧਰਮ-ਨਿਰਪੱਖ, ਸਮਾਜਵਾਦੀ ਗਣਰਾਜ' ਦਾ ਵਾਅਦਾ ਕਰਦਾ ਹੈ, ਹੁਣ ਹੋਂਦ ਵਿਚ ਨਹੀਂ ਹੈ। ਸਮਾਜਿਕ ਨਿਆਂ ਦੇ ਮਹਾਨ ਸੰਘਰਸ਼ਾਂ ਅਤੇ ਅਡੋਲ, ਦੂਰਅੰਦੇਸ਼ ਵਾਤਾਵਰਣਵਾਦੀ ਅੰਦੋਲਨਾਂ ਨੂੰ ਕੁਚਲ ਦਿੱਤਾ ਗਿਆ ਹੈ। ਹੁਣ ਅਸੀਂ ਮਰ ਰਹੇ ਦਰਿਆਵਾਂ, ਸੁੱਕ ਰਹੇ ਜਲ-ਸਰੋਤਾਂ, ਗ਼ਾਇਬ ਹੁੰਦੇ ਜੰਗਲਾਂ ਜਾਂ ਪਿਘਲਦੇ ਜਾ ਰਹੇ ਗਲੇਸ਼ੀਅਰਾਂ ਦੀਆਂ ਗੱਲਾਂ ਘੱਟ ਹੀ ਕਰਦੇ ਹਾਂ, ਕਿਉਂਕਿ ਉਨ੍ਹਾਂ ਫ਼ਿਕਰਮੰਦੀਆਂ ਦੀ ਜਗ੍ਹਾ ਹੁਣ ਇਕ ਵਧੇਰੇ ਫੌਰੀ ਦਹਿਸ਼ਤ ਨੇ ਲੈ ਲਈ ਹੈ। ਤੁਸੀਂ ਇਸ ਨੂੰ ਖ਼ੁਸ਼ਹਾਲੀ ਦਾ ਅਹਿਸਾਸ ਵੀ ਕਹਿ ਸਕਦੇ ਹੋ, ਜੋ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਵਿਚਾਰਧਾਰਕ ਲਕੀਰ ਦੇ ਕਿਸ ਪਾਸੇ ਖੜ੍ਹੇ ਹੋ।

ਸਾਡਾ ਤਜਰਬਾ ਇਹੀ ਦੱਸਦਾ ਹੈ ਕਿ ਭਾਰਤ ਇਕ ਕਾਰਪੋਰੇਟ, ਧਰਮਤੰਤਰੀ ਹਿੰਦੂ ਰਾਜ ਬਣ ਗਿਆ ਹੈ, ਇਕ ਅਜਿਹਾ ਰਾਜ ਜਿੱਥੇ ਹਕੂਮਤ ਵੱਲੋਂ ਨਿਗਰਾਨੀ ਰੱਖਣ ਅਤੇ ਜ਼ੋਰ-ਜ਼ਬਰਦਸਤੀ ਦੀ ਹਕੂਮਤ ਚੱਲਦੀ ਹੈ, ਇਕ ਖ਼ੌਫ਼ਨਾਕ ਰਾਜ। ਪਿਛਲੇ ਨਿਜ਼ਾਮ ਵਿਚ ਖੋਖਲੀਆਂ ਬਣਾ ਦਿੱਤੀਆਂ ਗਈਆਂ ਸੰਸਥਾਵਾਂ, ਖ਼ਾਸ ਕਰਕੇ ਮੁੱਖ ਧਾਰਾ ਮੀਡੀਆ, ਹੁਣ ਹਿੰਦੂ ਸ਼ੋਸ਼ਟਵਾਦੀ ਜਨੂੰਨ ਨਾਲ ਗੜੁੱਚ ਹੈ। ਇਸ ਦੇ ਨਾਲ-ਨਾਲ ਖੁੱਲ੍ਹੀ ਮੰਡੀ ਨੇ ਉਹ ਕੁਝ ਕਰ ਦਿੱਤਾ ਹੈ, ਜੋ ਇਸ ਨੇ ਕਰਨਾ ਹੁੰਦਾ ਹੈ। ਸੰਖੇਪ ਵਿਚ ਕਹਾਂ ਤਾਂ ਔਕਸਫੈਮ ਦੀ 2023 ਦੀ ਰਿਪੋਰਟ ਅਨੁਸਾਰ ਭਾਰਤ ਦੀ ਚੋਟੀ ਦੀ 1 ਫ਼ੀ ਸਦੀ ਆਬਾਦੀ ਮੁਲਕ ਦੀ 40 ਫ਼ੀ ਸਦੀ ਦੌਲਤ ਦੀ ਮਾਲਕ ਹੈ, ਜਦੋਂ ਕਿ ਹੇਠਲੀ 50 ਫ਼ੀ ਸਦੀ ਆਬਾਦੀ (70 ਕਰੋੜ ਲੋਕਾਂ) ਕੋਲ ਕੁੱਲ ਦੌਲਤ ਸਿਰਫ਼ 3 ਫ਼ੀ ਸਦੀ ਦੇ ਕਰੀਬ ਹੈ। ਅਸੀਂ ਬਹੁਤ ਗ਼ਰੀਬ ਲੋਕਾਂ ਦਾ ਇਕ ਅਮੀਰ ਮੁਲਕ ਹਾਂ।

ਪਰ ਇਸ ਨਾਬਰਾਬਰੀ ਤੋਂ ਜੋ ਗੁੱਸਾ ਅਤੇ ਨਾਰਾਜ਼ਗੀ ਜਨਮ ਲੈਂਦੀ ਹੈ, ਉਹ ਉਨ੍ਹਾਂ ਲੋਕਾਂ ਵਿਰੁੱਧ ਨਹੀਂ ਹੈ, ਜੋ ਕਿਸੇ ਹੱਦ ਤੱਕ ਇਸ ਲਈ ਜ਼ਿੰਮੇਵਾਰ ਹੋ ਸਕਦੇ ਹਨ। ਇਸ ਦੀ ਬਜਾਏ ਉਸ ਗੁੱਸੇ ਅਤੇ ਨਾਰਾਜ਼ਗੀ ਦਾ ਰੁਖ ਭਾਰਤ ਦੀਆਂ ਘੱਟ-ਗਿਣਤੀਆਂ ਵਿਰੁੱਧ ਮੋੜ ਦਿੱਤਾ ਗਿਆ ਹੈ ਅਤੇ ਇਸ ਨੂੰ ਹੋਰ ਵਧਾਇਆ ਜਾ ਰਿਹਾ ਹੈ। 17 ਕਰੋੜ ਮੁਸਲਮਾਨ, ਜੋ ਆਬਾਦੀ ਦਾ 14 ਫ਼ੀ ਸਦੀ ਹਨ, ਇਸ ਹਮਲੇ ਦਾ ਸਿੱਧਾ ਨਿਸ਼ਾਨਾ ਹਨ। ਪਰ ਬਹੁਗਿਣਤੀ ਪ੍ਰਸਤ ਸੋਚ ਜਮਾਤ ਅਤੇ ਜਾਤ ਦੀਆਂ ਹੱਦਾਂ ਦੇ ਆਰ-ਪਾਰ ਜਾਂਦੀ ਹੈ ਅਤੇ ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਵਿਚ ਇਸ ਦਾ ਵੱਡਾ ਲੋਕ-ਆਧਾਰ ਹੈ।

ਇਸ ਸਾਲ ਜਨਵਰੀ 'ਚ ਬੀ ਬੀ ਸੀ ਨੇ 'ਇੰਡੀਆ : ਦੀ ਮੋਦੀ ਕੁਅੱਸਚਨ' ਨਾਂਅ ਦੀ ਡਾਕੂਮੈਂਟਰੀ ਦੋ ਕਿਸ਼ਤਾਂ 'ਚ ਪ੍ਰਸਾਰਿਤ ਕੀਤੀ। ਇਸ ਵਿਚ ਮੋਦੀ ਦਾ ਸਿਆਸੀ ਸਫ਼ਰਨਾਮਾ, ਸਭ ਤੋਂ ਪਹਿਲਾਂ 2001 'ਚ ਉਸ ਦੇ ਗੁਜਰਾਤ ਰਾਜ ਦਾ ਮੁੱਖ ਮੰਤਰੀ ਬਣਨ ਤੋਂ ਲੈ ਕੇ ਭਾਰਤ ਦਾ ਪ੍ਰਧਾਨ ਮੰਤਰੀ ਬਣਨ ਤੱਕ ਦਾ ਸਫ਼ਰ ਦਿਖਾਇਆ ਗਿਆ ਹੈ। ਫਿਲਮ ਨੇ ਬਰਤਾਨਵੀ ਵਿਦੇਸ਼ ਦਫ਼ਤਰ ਦੁਆਰਾ ਅਪ੍ਰੈਲ 2002 ਵਿਚ ਤਿਆਰ ਕੀਤੀ ਅੰਦਰੂਨੀ ਰਿਪੋਰਟ ਨੂੰ ਪਹਿਲੀ ਵਾਰ ਜਨਤਕ ਕੀਤਾ ਜੋ ਕਿ ਫਰਵਰੀ-ਮਾਰਚ 2002